ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 133
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 15 May, 2026) ਸ਼ੁੱਕਰਵਾਰ, 15 ਮਈ, 2026, 1 ਜੇਠ (ਸੰਗਰਾਂਦ), ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਤੇਜ਼ ਹਨ੍ਹੇਰੀ ਤੇ ਮੀਂਹ ਦੀ ਚੇਤਾਵਨੀ

ਚੰਡੀਗੜ੍ਹ , 14 ਮਈ (ਚ.ਨ.ਸ.):ਭਾਰਤੀ ਮੌਸਮ ਵਿਭਾਗ ਵੱਲੋਂ ਪੰਜਾਬ ਲਈ ਅਗਲੇ ਪੰਜ ਦਿਨਾਂ ਦਾ ਮੌਸਮੀ ਅਲਰਟ ਜਾਰੀ ਕੀਤਾ ਗਿਆ ਹੈ। 18 ਮਈ ਤੱਕ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬਿਜਲੀ ਲਿਸ਼ਕਣ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਜਤਾਈ ਗਈ ਹੈ। ਕੁਝ ਇਲਾਕਿਆਂ ਵਿੱਚ ਹੀਟ ਵੇਵ ਨੂੰ ਲੈ ਕੇ ਵੀ ਚੇਤਾਵਨੀ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਮੁਤਾਬਕ ਅੱਜ ਰਾਤ ਨੂੰ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ, ਜਦਕਿ ਕੁਝ ਥਾਵਾਂ 'ਤੇ ਮੀਂਹ ਦੀ ਸੰਭਾਵਨਾ ਵੀ ਬਣੀ (ਬਾਕੀ ਸਫਾ 2 'ਤੇ)

ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ 'ਚ ਸ਼ਾਮਲ ਹੋਏ ਮੁੱਖ ਮੰਤਰੀ

ਅਸੀਂ ਪੰਜਾਬ 'ਚੋਂ ਨਸ਼ਿਆਂ ਦਾ ਕਲੰਕ ਮਿਟਾ ਦੇਵਾਂਗੇ: ਮਾਨ

ਚੜ੍ਹਦੀਕਲਾ ਬਿਊਰੋ

ਬਟਾਲਾ, 14 ਮਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਹਰ ਹੀਲੇ ਸੂਬੇ ਵਿੱਚੋਂ "ਨਸ਼ਿਆਂ ਦਾ ਕਲੰਕ" ਮਿਟਾ ਕੇ ਰਹੇਗੀ। ਉਨ੍ਹਾਂ ਕਿਹਾ ਕਿ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਪਹਿਲਾਂ ਹੀ ਨਸ਼ਾ ਤਸਕਰੀ ਨੈੱਟਵਰਕ ਨੂੰ ਵੱਡਾ ਝਟਕਾ ਦਿੱਤਾ ਹੈ, ਜਿਸ ਤਹਿਤ ਸਿਰਫ 437 ਦਿਨਾਂ ਵਿੱਚ 63,707 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਪੰਜਾਬ ਭਰ ਵਿੱਚ ਨਸ਼ਿਆਂ ਦੇ ਪੈਸੇ ਨਾਲ ਬਣੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ।ਬਟਾਲਾ ਵਿੱਚ ਇੱਕ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਲੜਾਈ ਹੁਣ ਲੋਕ ਲਹਿਰ ਬਣ ਗਈ ਹੈ, ਜਿਸ ਵਿੱਚ ਹਰ ਪੰਜਾਬੀ ਪੰਜਾਬ ਸਰਕਾਰ

ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਮੁੱਖ ਮੰਤਰੀ ਨੇ ਪਿਛਲੇ 112 ਦਿਨਾਂ ਵਿੱਚ ਗੈਂਗਸਟਰਾਂ 'ਤੇ ਵਾਰ ਮੁਹਿੰਮ ਤਹਿਤ ਕੀਤੀਆਂ ਗਈਆਂ ਕਾਰਵਾਈਆਂ, ਔਰਤਾਂ ਅਤੇ ਸਿਹਤ ਸੰਭਾਲ ਲਈ ਚੱਲ ਰਹੇ ਭਲਾਈ ਕਾਰਜਾਂ ਅਤੇ ਸੂਬੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ (ਬਾਕੀ ਸਫਾ 2 'ਤੇ)

ਆਈ.ਪੀ.ਐਲ. ਦੌਰਾਨ 'ਪੰਜਾਬ ਕਿੰਗ ਇਲੈਵਨ' ਦਾ ਹੌਸਲਾ ਵਧਾਉਣ ਮਾਨ ਪੁੱਜੇ ਧਰਮਸ਼ਾਲਾ

ਕਾਂਗੜਾ, 14 ਮਈ (ਚ.ਨ.ਸ.):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀਰਵਾਰ ਨੂੰ ਆਈ.ਪੀ.ਐਲ. 'ਚ ਪੰਜਾਬ ਕਿੰਗਜ਼ ਦੀ ਟੀਮ ਦਾ ਹੌਸਲਾ ਵਧਾਉਣ ਲਈ ਧਰਮਸ਼ਾਲਾ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨੀਟ ਪ੍ਰੀਖਿਆ ਰੱਦ ਹੋਣ ਦੇ ਮੁੱਦੇ 'ਤੇ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ । ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨੀਟ ਪ੍ਰੀਖਿਆ ਰੱਦ ਹੋਣਾ ਸਰਕਾਰ ਦੀ ਵੱਡੀ ਨਾਕਾਮੀ ਹੈ। ਉਨ੍ਹਾਂ ਕਿਹਾ ਕਿ ਲੱਖਾਂ ਬੱਚੇ ਦਿਨ-ਰਾਤ ਮਿਹਨਤ ਕਰਦੇ ਹਨ ਅਤੇ ਵੱਡੇ ਸੁਪਨੇ ਲੈਂਦੇ ਹਨ ਕਿ ਉਹ (ਬਾਕੀ ਸਫਾ 2 'ਤੇ)

ਦਿੱਲੀ ਹਾਈ ਕੋਰਟ ਵੱਲੋਂ ਕੇਜਰੀਵਾਲ ਵਿਰੁੱਧ ਮਾਣਹਾਨੀ ਮਾਮਲੇ ਦੀ ਕਾਰਵਾਈ ਸ਼ੁਰੂ

ਨਵੀਂ ਦਿੱਲੀ, 14 ਮਈ (ਚ.ਨ.ਸ.): ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਕਈ ਸੀਨੀਅਰ ਨੇਤਾਵਾਂ ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ। ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਣ ਕਾਂਤਾ ਸ਼ਰਮਾ ਨੇ ਅਰਵਿੰਦ ਕੇਜਰੀਵਾਲ ਵਿਰੁੱਧ ਅਦਾਲਤ ਦੀ ਅਪਰਾਧਿਕ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਹੈ। ਕੇਜਰੀਵਾਲ ਤੋਂ ਇਲਾਵਾ ਮਨੀਸ਼ ਸ਼ਿਸੋਦੀਆ, ਸੰਜੇ ਸਿੰਘ, ਵਿਨੈ ਮਿਸ਼ਰਾ, ਸੌਰਭ ਭਾਰਦਵਾਜ ਅਤੇ ਦੁਰਗੇਸ਼ ਪਾਠਕ ਨੂੰ ਵੀ ਇਸ ਮਾਮਲੇ ਵਿੱਚ ਨੋਟਿਸ ਜਾਰੀ ਕੀਤੇ ਗਏ ਹਨ। ਅਦਾਲਤ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਅਜਿਹੀਆਂ ਗਤੀਵਿਧੀਆਂ 'ਤੇ ਕਾਰਵਾਈ ਨਾ ਕੀਤੀ ਗਈ ਤਾਂ ਦੇਸ਼ ਵਿੱਚ ਅਰਾਜਕਤਾ ਫੈਲੇਗੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕੇਜਰੀਵਾਲ ਨੇ ਅਦਾਲਤ ਨੂੰ ਲਿਖਿਆ ਆਪਣਾ ਪੱਤਰ, ਕਾਨੂੰਨੀ ਪ੍ਰਕਿਰਿਆ ਦੀ ਬਜਾਏ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਨਤਕ ਕਰ ਦਿੱਤਾ ਸੀ। ਅਦਾਲਤ ਅਨੁਸਾਰ, (ਬਾਕੀ ਸਫਾ 2 'ਤੇ)

ਬ੍ਰਿਕਸ ਦੀ ਦਿੱਲੀ 'ਚ ਸ਼ੁਰੂ ਹੋਈ ਮੀਟਿੰਗ

ਵਿਸ਼ਵ ਸੰਸਥਾਵਾਂ 'ਚ ਸੁਧਾਰ ਸਮੇਂ ਦੀ ਲੋੜ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 14 ਮਈ : ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਬ੍ਰਿਕਸ ਸੰਮੇਲਨ ਦੌਰਾਨ ਵਿਸ਼ਵ ਪੱਧਰ 'ਤੇ ਭਾਰਤ ਦਾ ਪੱਖ ਮਜ਼ਬੂਤੀ ਨਾਲ ਰੱਖਦਿਆਂ ਪੰਜ ਮਹੱਤਵਪੂਰਨ ਸੰਦੇਸ਼ ਦਿੱਤੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਮੌਜੂਦਾ ਵਿਸ਼ਵ ਸਥਿਤੀਆਂ ਵਿੱਚ ਵੱਡੇ ਬਦਲਾਅ ਦੀ ਲੋੜ ਹੈ ਤਾਂ ਜੋ ਵਿਕਾਸਸ਼ੀਲ ਦੇਸ਼ਾਂ ਨੂੰ ਬਰਾਬਰ ਦਾ ਹੱਕ ਮਿਲ ਸਕੇ।

ਵਿਸ਼ਵ ਸੰਸਥਾਵਾਂ ਵਿੱਚ ਸੁਧਾਰ : ਜੈਸ਼ੰਕਰ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਪੁਰਾਣੀਆਂ ਹੋ ਚੁੱਕੀਆਂ ਹਨ ਤੇ ਉਹ ਅੱਜ ਦੀਆਂ ਅਸਲੀਅਤਾਂ ਨੂੰ ਨਹੀਂ ਦਰਸਾਉਂਦੀਆਂ। ਉਨ੍ਹਾਂ ਨੇ ਸੁਰੱਖਿਆ ਪਰਿਸ਼ਦ 'ਚ ਤੁਰੰਤ ਸੁਧਾਰਾਂ ਦੀ ਮੰਗ ਕੀਤੀ ਤਾਂ ਜੋ ਇਸ ਨੂੰ ਵਧੇਰੇ ਲੋਕਤੰਤਰੀ ਬਣਾਇਆ ਜਾ ਸਕੇ।

ਗਲੋਬਲ ਸਾਊਥ ਦੀ ਆਵਾਜ਼ : ਉਨ੍ਹਾਂ ਨੇ ਜ਼ੋਰ ਦਿੱਤਾ ਕਿ ਬ੍ਰਿਕਸ ਨੂੰ 'ਗਲੋਬਲ ਸਾਊਥ' ਦੇ ਦੇਸ਼ਾਂ ਦੀ ਆਵਾਜ਼

ਬਣਨਾ ਚਾਹੀਦਾ ਹੈ। ਇਨ੍ਹਾਂ ਦੇਸ਼ਾਂ ਦੀਆਂ ਚਿੰਤਾਵਾਂ ਤੇ ਵਿਕਾਸ ਦੀਆਂ ਲੋੜਾਂ ਨੂੰ ਵਿਸ਼ਵ ਪੱਧਰ 'ਤੇ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਆਰਥਿਕ ਅਤੇ ਤਕਨੀਕੀ ਵਿਭਿੰਨਤਾ: ਵਿਦੇਸ਼ ਮੰਤਰੀ ਨੇ ਵਿਸ਼ਵ ਆਰਥਿਕਤਾ ਦੇ ਕਿਸੇ ਇੱਕ ਕੇਂਦਰ 'ਤੇ ਨਿਰਭਰਤਾ ਘਟਾਉਣ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਸਪਲਾਈ ਚੇਨ ਅਤੇ ਤਕਨਾਲੋਜੀ ਦਾ ਵਿਕੇਂਦਰੀਕਰਨ ਹੋਣਾ ਚਾਹੀਦਾ ਹੈ ਤਾਂ ਜੋ ਦੁਨੀਆਂ ਕਿਸੇ ਵੀ ਸੰਕਟ ਦੇ ਸਮੇਂ ਸੁਰੱਖਿਅਤ ਰਹਿ ਸਕੇ।

ਅੱਤਵਾਦ ਵਿਰੁੱਧ ਸਖ਼ਤ ਰੁਖ: ਅੱਤਵਾਦ ਨੂੰ ਵਿਸ਼ਵ ਸ਼ਾਂਤੀ ਲਈ ਸਭ ਤੋਂ ਵੱਡਾ ਖਤਰਾ ਦੱਸਦਿਆਂ ਜੈਸ਼ੰਕਰ ਨੇ ਕਿਹਾ ਕਿ ਇਸ ਵਿਰੁੱਧ ਬਿਨਾਂ ਕਿਸੇ ਸਮਝੌਤੇ ਦੇ ਸਾਂਝੀ ਲੜਾਈ ਲੜਨੀ ਹੋਵੇਗੀ। ਉਨ੍ਹਾਂ ਨੇ ਅੱਤਵਾਦ ਦੇ ਵਿੱਤੀ ਸਰੋਤਾਂ ਨੂੰ ਰੋਕਣ ਲਈ ਮੈਂਬਰ ਦੇਸ਼ਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਬਹੁ-ਪੱਖੀਵਾਦ ਅਤੇ ਪ੍ਰਭੂਸੱਤਾ ਦਾ ਸਨਮਾਨ: ਉਨ੍ਹਾਂ ਨੇ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਦੇਸ਼ਾਂ ਦੀ ਖੇਤਰੀ ਅਖੰਡਤਾ ਦੇ ਸਨਮਾਨ ਦੀ ਗੱਲ ਕੀਤੀ। ਉਨ੍ਹਾਂ ਅਨੁਸਾਰ, ਇੱਕ ਬਹੁ-ਧਰੁਵੀ ਵਿਸ਼ਵ ਹੀ ਸਥਿਰਤਾ ਲਿਆ ਸਕਦਾ ਹੈ, ਜਿੱਥੇ ਸਾਰੇ ਦੇਸ਼ਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਵੇ।

ਇਸ ਤੋਂ ਪਹਿਲਾਂ ਦਿੱਲੀ ਦੇ 'ਭਾਰਤ ਮੰਡਪਮ' ਵਿਖੇ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਦੋ-ਦਿਨਾਂ ਮੀਟਿੰਗ ਦੀ ਸ਼ੁਰੂਆਤ ਮੌਕੇ ਭਾਰਤ ਦੇ ਵਿਦੇਸ਼ ਮੰਤਰੀ ਐੱਸ. (ਬਾਕੀ ਸਫਾ 2 'ਤੇ)

ਮੋਦੀ ਵੱਲੋਂ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਮੁਲਾਕਾਤ

ਨਵੀਂ ਦਿੱਲੀ, 14 ਮਈ (ਚ.ਨ.ਸ.): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੇ ਇੱਕ ਉੱਚ-ਪੱਧਰੀ ਵਫ਼ਦ ਨਾਲ ਮੁਲਾਕਾਤ ਕੀਤੀ। ਭਾਰਤ ਦੀ ਪ੍ਰਧਾਨਗੀ ਹੇਠ ਹੋ ਰਹੀ ਇਸ ਦੋ-ਦਿਨਾ ਬੈਠਕ ਵਿੱਚ ਰੂਸ, ਈਰਾਨ, ਬ੍ਰਾਜ਼ੀਲ, ਇੰਡੋਨੇਸ਼ੀਆ ਅਤੇ ਦੱਖਣੀ ਅਫਰੀਕਾ ਸਮੇਤ ਕਈ ਦੇਸ਼ਾਂ ਦੇ ਚੋਟੀ ਦੇ ਡਿਪਲੋਮੈਟ ਸ਼ਾਮਲ ਹੋਏ।

ਪੀ.ਐੱਮ. ਮੋਦੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ, ਈਰਾਨ ਦੇ ਅੱਬਾਸ ਅਰਾਘਚੀ, ਬ੍ਰਾਜ਼ੀਲ ਦੇ ਮੌਰੋ ਵਿਏਰਾ, ਇੰਡੋਨੇਸ਼ੀਆ ਦੇ ਸੁਗੀਓਨੋ (ਬਾਕੀ ਸਫਾ 2 'ਤੇ)

ਅਜਨਾਲਾ ਥਾਣਾ ਹਮਲਾ ਮਾਮਲੇ ਵਿੱਚ ਅੰਮ੍ਰਿਤਪਾਲ ਸਿੰਘ ਵਿਰੁੱਧ ਦੋਸ਼ ਤੈਅ

ਚੜ੍ਹਦੀਕਲਾ ਬਿਊਰੋ

ਅੰਮ੍ਰਿਤਸਰ, 14 ਮਈ : ਇੱਥੋਂ ਦੀ ਸਥਾਨਕ ਅਦਾਲਤ ਨੇ ਵੀਰਵਾਰ ਨੂੰ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵਿਰੁੱਧ ਫਰਵਰੀ, 2023 ਵਿੱਚ ਅਜਨਾਲਾ ਪੁਲਿਸ ਥਾਣੇ 'ਤੇ ਹੋਏ ਹਮਲੇ ਦੇ ਸਬੰਧ ਵਿੱਚ ਦੋਸ਼ (ਚਾਰਜ) ਤੈਅ ਕੀਤੇ ਹਨ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਿਦਰ ਸਿੰਘ ਦੀ ਅਦਾਲਤ ਨੇ ਅਸਲਾ ਐਕਟ ਅਤੇ ਸਬੂਤ ਨਸ਼ਟ ਕਰਨ ਦੀਆਂ ਧਾਰਾਵਾਂ ਹਟਾ

ਦਿੱਤੀਆਂ ਹਨ, ਕਿਉਂਕਿ ਬਚਾਅ ਪੱਖ ਦੇ ਵਕੀਲ ਰਿਤੂਰਾਜ ਸੰਧੂ ਨੇ ਦਲੀਲ ਦਿੱਤੀ ਸੀ ਕਿ ਮੁਲਜ਼ਮ ਕੋਲੋਂ ਕੋਈ ਹਥਿਆਰ ਬਰਾਮਦ ਨਹੀਂ ਹੋਇਆ ਸੀ। ਅਦਾਲਤ ਨੇ ਅੰਮ੍ਰਿਤਪਾਲ ਸਿੰਘ ਵਿਰੁੱਧ ਕਈ ਗੰਭੀਰ ਧਾਰਾਵਾਂ ਤਹਿਤ ਦੋਸ਼ ਤੈਅ ਕੀਤੇ ਹਨ, ਜਿਨ੍ਹਾਂ ਵਿੱਚ ਕਤਲ ਦੀ ਕੋਸ਼ਿਸ਼, ਗੰਭੀਰ ਸੱਟਾਂ ਪਹੁੰਚਾਉਣਾ, ਸਰਕਾਰੀ ਕਰਮਚਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣਾ, ਅਪਰਾਧਿਕ ਸਾਜਿਸ਼, ਸਰਕਾਰੀ ਜਾਇਦਾਦ ਨੂੰ (ਬਾਕੀ ਸਫਾ 2 'ਤੇ)

ਹਾਈਕੋਰਟ ਨੇ ਨਸ਼ਿਆਂ ਦੀ ਰੋਕਥਾਮ ਲਈ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ

25 ਮਈ ਤੱਕ ਹਲਫ਼ਨਾਮਾ ਦਾਇਰ ਕਰਨ ਦੇ ਹੁਕਮ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 14 ਮਈ : ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਮੁੱਖ ਜੱਜ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਬੈਂਚ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਐਨ.ਡੀ.ਪੀ.ਐਸ. (ਨਸ਼ੀਲੇ ਪਦਾਰਥ) ਐਕਟ ਤਹਿਤ ਅਪਰਾਧਾਂ ਨੂੰ ਰੋਕਣ ਲਈ ਪੁਖ਼ਤਾ ਤਰੀਕੇ ਅਤੇ ਸਾਧਨ ਸੁਝਾਵੇ। ਅਦਾਲਤ ਨੂੰ ਦੱਸਿਆ ਗਿਆ ਕਿ ਸਿਰਫ਼ ਇੱਕ ਸਾਲ ਦੇ ਅੰਦਰ-ਅੰਦਰ ਮੌੜ (ਬਠਿੰਡਾ) ਦੇ ਇੱਕੋ ਪੁਲਿਸ ਸਟੇਸ਼ਨ ਵਿੱਚ ਨਸ਼ਿਆਂ ਨਾਲ ਸਬੰਧਤ 82 ਐਫ.ਆਈ.ਆਰ. ਦਰਜ ਹੋਈਆਂ ਹਨ। ਹਾਈਕੋਰਟ ਨੇ ਇਹ ਕਾਰਵਾਈ ਇੱਕ ਖ਼ਬਰ ਦਾ ਖ਼ੁਦ ਨੋਟਿਸ ਲੈਂਦਿਆਂ ਸ਼ੁਰੂ ਕੀਤੀ ਸੀ। ਉਸ ਖ਼ਬਰ ਵਿੱਚ ਦੱਸਿਆ ਗਿਆ ਸੀ ਕਿ ਬਠਿੰਡਾ ਦੇ ਪਿੰਡ ਵਾਸੀ ਨਸ਼ਿਆਂ ਦੀ ਖੁੱਲ੍ਹੇਆਮ ਵਿਕਰੀ ਅਤੇ ਇੱਕ ਨੌਜਵਾਨ ਦੀ ਓਵਰਡੋਜ਼ ਨਾਲ ਹੋਈ ਮੌਤ ਤੋਂ ਇੰਨੇ ਤੰਗ ਆ ਗਏ ਸਨ ਕਿ ਉਨ੍ਹਾਂ ਨੇ ਕੰਧਾਂ 'ਤੇ 'ਇੱਥੇ ਹੈਰੋਇਨ ਖੁੱਲ੍ਹੇਆਮ ਵਿਕਦੀ ਹੈ' ਲਿਖ ਕੇ ਨਸ਼ਾ ਤਸਕਰਾਂ ਦੇ ਘਰਾਂ ਵੱਲ ਇਸ਼ਾਰਾ ਕਰ ਦਿੱਤਾ ਸੀ। ਇਸ ਰਿਪੋਰਟ ਤੋਂ ਬਾਅਦ ਪੁਲਿਸ ਹਰਕਤ ਵਿੱਚ ਆਈ ਅਤੇ ਕੰਧਾਂ 'ਤੇ ਲਿਖੇ ਸੁਨੇਹੇ ਮਿਟਾਉਣ ਵਿੱਚ ਜੁੱਟ ਗਈ।

ਅਦਾਲਤ ਨੇ 16 ਦਸੰਬਰ, 2025 ਨੂੰ ਐਸ.ਐਸ.ਪੀ. ਵੱਲੋਂ ਪੇਸ਼ ਕੀਤੀ ਗਈ ਸਟੇਟਸ ਰਿਪੋਰਟ 'ਤੇ ਗੌਰ ਕਰਦਿਆਂ ਕਿਹਾ ਕਿ 1 ਜਨਵਰੀ ਤੋਂ 1 ਦਸੰਬਰ, 2025 ਦੇ ਵਿਚਕਾਰ ਇੰਨੀ ਵੱਡੀ ਗਿਣਤੀ ਵਿੱਚ ਮਾਮਲੇ ਦਰਜ ਹੋਣਾ ਅਤੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਫੜੇ ਜਾਣਾ ਚਿੰਤਾ ਦਾ ਵਿਸ਼ਾ ਹੈ। ਅਦਾਲਤ ਨੇ ਇਹ ਵੀ ਸਵਾਲ ਚੁੱਕਿਆ ਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ 82 ਮਾਮਲਿਆਂ ਦੀ ਜਾਂਚ ਕਿਸ ਪੱਧਰ 'ਤੇ ਪਹੁੰਚੀ ਹੈ। ਹੁਣ ਅਦਾਲਤ ਨੇ ਪੰਜਾਬ ਸਰਕਾਰ ਨੂੰ ਹਲਫ਼ਨਾਮਾ ਦਾਇਰ ਕਰਕੇ ਇਹ ਦੱਸਣ ਲਈ ਕਿਹਾ ਹੈ ਕਿ ਇਨ੍ਹਾਂ (ਬਾਕੀ ਸਫਾ 2 'ਤੇ)

ਪੋਸਟ-ਮੈਟ੍ਰਿਕ ਸਕਾਲਰਸ਼ਿਪ ਘੁਟਾਲੇ 'ਚ ਕੇਸ ਦਰਜ ਨਾ ਹੋਣ 'ਤੇ ਸਰਕਾਰ ਦੀ ਖਿਚਾਈ

ਚੰਡੀਗੜ੍ਹ, 14 ਮਈ (ਚ.ਨ.ਸ.):ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੋਸਟ-ਮੈਟ੍ਰਿਕ ਸਕਾਲਰਸ਼ਿਪ ਘੁਟਾਲੇ ਵਿੱਚ ਅਪਰਾਧਿਕ ਕਾਰਵਾਈ ਸ਼ੁਰੂ ਕਰਨ ਵਿੱਚ ਹੋਈ ਪੰਜ ਸਾਲਾਂ ਦੀ ਦੇਰੀ ਲਈ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਹੈ। ਮੁੱਖ ਜੱਜ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਦਾਲਤ ਦੇ ਅੰਤਰਿਮ (ਬਾਕੀ ਸਫਾ 2 'ਤੇ)

ਲਾਲ ਕਿਲ੍ਹਾ ਧਮਾਕਾ ਮਾਮਲਾ

ਐਨ.ਆਈ.ਏ. ਵੱਲੋਂ 10 ਮੁਲਜ਼ਮਾਂ ਵਿਰੁੱਧ 7,500 ਪੰਨਿਆਂ ਦੀ ਚਾਰਜਸ਼ੀਟ ਦਾਖ਼ਲ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 14 ਮਈ :ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਲਾਲ ਕਿਲ੍ਹਾ ਕਾਰ ਬੰਬ ਧ

ਪਹਿਲੇ ਸਫ਼ੇ ਦੀ ਬਾਕੀ

ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਤੇਜ਼

ਹੋਈ ਹੈ।ਉੱਥੇ ਹੀ 15 ਮਈ ਨੂੰ ਵੀ ਕਈ ਜ਼ਿਲ੍ਹਿਆਂ ਵਿੱਚ ਮੌਸਮ ਖਰਾਬ ਰਹਿਣ ਦੇ ਆਸਾਰ ਹਨ, ਹਾਲਾਂਕਿ ਕੁਝ ਇਲਾਕਿਆਂ ਵਿੱਚ ਅਲਰਟ ਘੱਟ ਕੀਤਾ ਗਿਆ ਹੈ। 16 ਅਤੇ 17 ਮਈ ਨੂੰ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਹੀਟ ਵੇਵ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਤੋਂ ਬਾਅਦ 18 ਮਈ ਨੂੰ ਦੱਖਣੀ ਪੰਜਾਬ ਦੇ ਫਾਜ਼ਿਲਕਾ, ਮੁਕਤਸਰ, ਫ਼ਿਰੋਜ਼ਪੁਰ, ਫਰੀਦਕੋਟ, ਬਠਿੰਡਾ, ਮੋਗਾ ਅਤੇ ਮਾਨਸਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਗਰਮੀ ਦਾ ਪ੍ਰਭਾਵ ਵੱਧ ਸਕਦਾ ਹੈ।

ਅਸੀਂ ਪੰਜਾਬ 'ਚੋਂ ਨਸ਼ਿਆਂ ਦਾ

ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਲਈ ਪੰਜਾਬ ਸਰਕਾਰ ਦੁਆਰਾ ਬਣਾਏ ਗਏ ਬੇਅਦਬੀ ਵਿਰੋਧੀ ਕਾਨੂੰਨ ਸਖ਼ਤ ਕਾਨੂੰਨ ਵਰਗੀਆਂ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ 400 ਤੋਂ ਵੱਧ ਦਿਨ ਹੋ ਗਏ ਹਨ ਅਤੇ ਇਸ ਮੁਹਿੰਮ ਨੂੰ ਸ਼ਾਨਦਾਰ ਸਫਲਤਾ ਮਿਲੀ ਹੈ।ਅਸੀਂ ਨਸ਼ਿਆਂ ਦੇ ਕਾਰੋਬਾਰ ਦੀ ਰੀੜ੍ਹ ਤੋੜ ਦਿੱਤੀ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਨਸ਼ਿਆਂ ਵਿਰੁੱਧ ਇਹ ਕਾਰਵਾਈ ਪੂਰੀ ਤਾਕਤ ਨਾਲ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਇਸ ਲਾਹਨਤ ਦਾ ਪੰਜਾਬ ਵਿੱਚੋਂ ਪੂਰੀ ਤਰ੍ਹਾਂ ਸਫਾਇਆ ਨਹੀਂ ਹੋ ਜਾਂਦਾ।"

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਸਰਕਾਰ ਨੇ ਨਾ ਸਿਰਫ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ, ਸਗੋਂ ਪੀੜਤਾਂ ਦਾ ਮੁੜ ਵਸੇਬਾ ਵੀ ਯਕੀਨੀ ਬਣਾਇਆ ਹੈ। ਇਸ ਦੇ ਨਾਲ ਹੀ ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹਿਆ ਅਤੇ ਜ਼ਬਤ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, "ਜੇਕਰ ਪੰਜਾਬੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਦ੍ਰਿੜ੍ਹ ਇਰਾਦਾ ਰੱਖਦੇ ਹਨ ਤਾਂ ਕੋਈ ਵੀ ਤਾਕਤ ਸਾਨੂੰ ਇਸ ਮਿਸ਼ਨ ਨੂੰ ਪੂਰਾ ਕਰਨ ਤੋਂ ਨਹੀਂ ਰੋਕ ਸਕਦੀ। ਮੈਂ ਇਸ ਲੜਾਈ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਲੋਕਾਂ ਕੋਲੋਂ ਪੂਰੇ ਸਮਰਥਨ ਅਤੇ ਸਹਿਯੋਗ ਦੀ ਮੰਗ ਕਰਦਾ ਹਾਂ।"

ਪੰਜਾਬ ਦੀ ਅਧਿਆਤਮਿਕ ਵਿਰਾਸਤ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਇਹ ਸਾਡੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਸ ਦਾ ਕੋਨਾ-ਕੋਨਾ ਮਹਾਨ ਗੁਰੂਆਂ, ਸੰਤਾਂ, ਪੀਰ-ਪੈਗੰਬਰਾਂ ਦੀ ਚਰਨ ਛੋਹ ਪ੍ਰਾਪਤ ਹੈ, ਜਿਨ੍ਹਾਂ ਨੇ ਸਾਨੂੰ ਜ਼ੁਲਮ, ਬੇਇਨਸਾਫ਼ੀ ਅਤੇ ਅੱਤਿਆਚਾਰ ਵਿਰੁੱਧ ਖੜ੍ਹੇ ਹੋਣਾ ਸਿਖਾਇਆ। ਸਾਡੇ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਹੀ ਅਸੀਂ ਨਸ਼ਿਆਂ ਵਿਰੁੱਧ ਇਹ ਯੁੱਧ ਸ਼ੁਰੂ ਕੀਤਾ, ਜਿਸ ਦੇ ਨਤੀਜੇ ਹੁਣ ਜਮੀਨ 'ਤੇ ਦਿਖਾਈ ਦੇ ਰਹੇ ਹਨ। ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ।"

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਹਮੇਸ਼ਾ ਦੇਸ ਦਾ ਅੰਨ ਭੰਡਾਰ ਅਤੇ ਖੜਗ ਭੁਜਾ ਵਜੋਂ ਜਾਣਿਆ ਜਾਂਦਾ ਰਿਹਾ ਹੈ ਅਤੇ ਇੱਥੋਂ ਦੇ ਲੋਕ ਦੁਨੀਆਂ ਭਰ ਵਿੱਚ ਆਪਣੀ ਹਿੰਮਤ, ਸਿਰੜ ਤੇ ਉੱਦਮੀ ਸੁਭਾਅ ਲਈ ਜਾਣੇ ਜਾਂਦੇ ਹਨ। ਉਨ੍ਹਾਂ ਕਿਹਾ, "ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਵਿਕਾਸ ਨੂੰ ਅਣਗੌਲਿਆ ਕੀਤਾ, ਜਿਸ ਕਰ ਕੇ ਨੌਜਵਾਨਾਂ ਨੂੰ ਮਜਬੂਰੀ ਵੱਸ ਪੰਜਾਬ ਛੱਡ ਕੇ ਵਿਦੇਸ਼ਾਂ ਵੱਲ ਜਾਣਾ ਪਿਆ। ਇਸ ਦੇ ਉਲਟ ਅੱਜ ਸਾਡੀ ਸਰਕਾਰ 'ਰੰਗਲੇ ਪੰਜਾਬ' ਦੀ ਪੁਰਾਤਨ ਸਾਨ ਬਹਾਲ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਲੋਕਾਂ ਦੀ ਭਲਾਈ 'ਤੇ ਕੇਂਦਰਤ ਪ੍ਰਸ਼ਾਸਨ 'ਤੇ ਜੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਲੋਕਾਂ ਦੇ ਟੈਕਸ ਦਾ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਇਸ ਪੈਸੇ ਨੂੰ ਉਨ੍ਹਾਂ ਦੀ ਭਲਾਈ 'ਤੇ ਪੂਰੀ ਸਮਝਦਾਰੀ ਨਾਲ ਖਰਚ ਕਰ ਰਹੇ ਹਾਂ। ਹੁਣ ਲੋਕਾਂ ਦਾ ਪੈਸਾ ਭ੍ਰਿਸ਼ਟਾਚਾਰ ਅਤੇ ਲੁੱਟ ਵਿੱਚ ਅਜਾਈਂ ਨਹੀਂ ਜਾਂਦਾ, ਸਗੋਂ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਲਗਾਇਆ ਜਾ ਰਿਹਾ ਹੈ।"

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 90 ਫ਼ੀਸਦ ਘਰਾਂ ਨੂੰ ਮੁਫਤ ਬਿਜਲੀ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਬਿਨਾਂ ਕਿਸੇ ਭ੍ਰਿਸ਼ਟਾਚਾਰ ਤੋਂ ਸੂਬੇ ਦੇ ਨੌਜਵਾਨਾਂ ਨੂੰ 65,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਸੜਕਾਂ ਨੂੰ ਬਿਹਤਰ ਬਣਾਇਆ ਹੈ, ਟੋਲ ਪਲਾਜ਼ਾ ਬੰਦ ਕੀਤੇ ਹਨ, ਲੋਕਾਂ ਨੂੰ ਰੋਜ਼ਾਨਾ ਲੱਗਭੱਗ 70 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ ਅਤੇ ਸੂਬੇ ਭਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਅਤੇ ਸਿੰਜਾਈ ਲਈ ਦਿਨ ਵੇਲੇ ਬਿਜਲੀ ਦਿੱਤੀ ਗਈ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲੀ ਹੈ।"

ਸਿਹਤ ਸੰਭਾਲ ਵਿੱਚ ਕੀਤੇ ਸੁਧਾਰਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਇਸ ਯੋਜਨਾ ਤਹਿਤ ਹਰ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦਾ ਹੱਕਦਾਰ ਹੈ।" ਉਨ੍ਹਾਂ ਕਿਹਾ ਕਿ 30 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਪਹਿਲਾਂ ਹੀ ਸਿਹਤ ਕਾਰਡ ਮਿਲ ਚੁੱਕੇ ਹਨ, ਜਦੋਂ ਕਿ 1.65 ਲੱਖ ਲੋਕਾਂ ਨੇ ਇਸ ਯੋਜਨਾ ਤਹਿਤ ਮੁਫਤ ਇਲਾਜ ਕਰਵਾਇਆ ਹੈ। ਉਨ੍ਹਾਂ ਅੱਗੇ ਕਿਹਾ, "ਮੈਂ ਲੋਕਾਂ ਨੂੰ ਇਨ੍ਹਾਂ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਾ ਹਾਂ।"

ਔਰਤਾਂ ਨੂੰ ਵੱਧ ਅਖਤਿਆਰ ਦੇਣ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਵੱਲੋਂ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਸ਼ੁਰੂ ਗਈ ਕੀਤੀ ਹੈ, ਜਿਸ ਤਹਿਤ ਅਨੁਸੂਚਿਤ ਵਰਗ ਦੀ ਹਰ ਔਰਤ ਨੂੰ ਪ੍ਰਤੀ ਮਹੀਨਾ 1,500 ਰੁਪਏ ਅਤੇ ਹੋਰ ਵਰਗਾਂ ਦੀ ਹਰ ਔਰਤ ਨੂੰ ਪ੍ਰਤੀ ਮਹੀਨਾ 1,000 ਰੁਪਏ ਮਿਲਣਗੇ।" ਉਨ੍ਹਾਂ ਕਿਹਾ ਕਿ ਇਹ ਰਕਮ ਸਿੱਧੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾਵੇਗੀ ਅਤੇ ਪਹਿਲਾਂ ਹੀ ਸਮਾਜਿਕ ਸੁਰੱਖਿਆ ਪੈਨਸ਼ਨ ਪ੍ਰਾਪਤ ਕਰ ਰਹੀਆਂ ਔਰਤਾਂ ਵੀ ਇਸ ਯੋਜਨਾ ਲਈ ਯੋਗ ਹੋਣਗੀਆਂ। ਉਨ੍ਹਾਂ ਅੱਗੇ ਕਿਹਾ, "ਪੰਜਾਬ ਵਿੱਚ ਲੱਗਭੱਗ 97 ਫ਼ੀਸਦ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ ਅਤੇ ਪੰਜਾਬ ਸਰਕਾਰ ਨੇ ਬਜਟ ਵਿੱਚ ਇਸ ਲਈ 9,300 ਕਰੋੜ ਰੁਪਏ ਅਲਾਟ ਕੀਤੇ ਹਨ।"

ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਵਾਹਿਗੁਰੂ ਦੀ ਕਿਰਪਾ ਸਦਕਾ ਇਸ ਇਤਿਹਾਸਕ ਕਾਨੂੰਨ ਨੂੰ ਲਾਗੂ ਕਰ ਕੇ ਮੈਨੂੰ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਜਿਸ ਵਿੱਚ ਬੇਅਦਬੀ ਲਈ ਸਖ਼ਤ ਸਜਾ ਦੀ ਵਿਵਸਥਾ ਕੀਤੀ ਗਈ ਹੈ। ਇਹ ਐਕਟ ਭਵਿੱਖ ਵਿੱਚ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਵਿੱਚ ਮੱਦਦ ਕਰੇਗਾ।"

ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਵਿੱਚ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੇ ਉਦੇਸ਼ ਨਾਲ ਵਿੱਢੀ ਡੂੰਘੀ ਸਾਜਿਸ਼ ਤਹਿਤ ਕਰਵਾਈਆਂ ਗਈਆਂ ਸਨ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਅਪਰਾਧ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਮਿਸਾਲੀ ਸਜਾ ਦਿੱਤੀ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਲਈ ਪਿਤਾ ਵਾਂਗ ਹਨ ਅਤੇ ਇਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਸਾਡਾ ਮੁਕੱਦਸ ਫਰਜ਼ ਹੈ।" ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਵੱਲੋਂ ਇਸ ਕਾਨੂੰਨ ਲਈ ਧੰਨਵਾਦ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ, "ਇਸ ਐਕਟ ਨੂੰ ਪਾਸ ਕਰਨ ਦੀ ਸੇਵਾ ਗੁਰੂ ਸਾਹਿਬ ਨੇ ਖੁਦ ਮੇਰੇ ਤੋਂ ਲਈ ਹੈ। ਵਾਹਿਗੁਰੂ ਅਜਿਹੀ ਸੇਵਾ ਸਿਰਫ ਉਨ੍ਹਾਂ ਨੂੰ ਹੀ ਸੌਂਪਦਾ ਹੈ, ਜਿਨ੍ਹਾਂ ਨੂੰ ਉਸ ਨੇ ਖੁਦ ਚੁਣਿਆ ਹੁੰਦਾ ਹੈ ਅਤੇ ਮੈਂ ਸਿਰਫ ਇੱਕ ਨਿਮਾਣਾ ਸੇਵਕ ਹਾਂ, ਜਿਸ ਨੂੰ ਇਹ ਜ਼ਿੰਮੇਵਾਰੀ ਮਿਲੀ ਹੈ।" ਉਨ੍ਹਾਂ ਅੱਗੇ ਕਿਹਾ ਕਿ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਲੰਬੇ ਸਮੇਂ ਤੋਂ ਬੇਅਦਬੀ ਵਿਰੁੱਧ ਸਖ਼ਤ ਕਾਨੂੰਨਾਂ ਦੀ ਮੰਗ ਕਰ ਰਹੇ ਸਨ।

ਗੁਰਬਾਣੀ ਦੀ ਤੁਕ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਨ ਗੁਰੂਆਂ ਨੇ ਸਦੀਆਂ ਪਹਿਲਾਂ ਮਨੁੱਖਤਾ ਨੂੰ ਕੁਦਰਤ ਦਾ ਸਤਿਕਾਰ ਕਰਨ ਅਤੇ ਸਦਭਾਵਨਾ ਨਾਲ ਰਹਿਣ ਦੀ ਸੇਧ ਦਿੱਤੀ ਸੀ।ਉਨ੍ਹਾਂ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜੀਵਤ ਗੁਰੂ ਹਨ ਅਤੇ ਹਰ ਪੰਜਾਬੀ ਖਾਸ ਕਰਕੇ ਹਰ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਰ ਸਬਦ ਦਾ ਸਤਿਕਾਰ ਕਰਦੇ ਹਨ ਅਤੇ ਪਾਲਣਾ ਕਰਦੇ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੀ ਮਿੱਟੀ ਇੰਨੀ ਉਪਜਾਊ ਹੈ ਕਿ ਇੱਥੇ ਸਭ ਕੁਝ ਉੱਗ ਸਕਦਾ ਹੈ ਪਰ ਨਫਰਤ ਅਤੇ ਵੈਰ ਦੀ ਇੱਥੇ ਕੋਈ ਥਾਂ ਨਹੀਂ ਹੈ। ਗੁਰੂਆਂ, ਸੰਤਾਂ ਅਤੇ ਪੀਰਾਂ ਦੀ ਇਸ ਪਵਿੱਤਰ ਧਰਤੀ ਨੇ ਹਮੇਸ਼ਾ ਪਿਆਰ, ਸ਼ਾਂਤੀ ਅਤੇ ਸਹਿਣਸ਼ੀਲਤਾ ਦਾ ਸੰਦੇਸ ਦਿੱਤਾ ਹੈ। ਪੰਜਾਬ ਦੀ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਅਜਿਹੀਆਂ ਸਾਰੀਆਂ ਸਾਜਿਸ਼ਾਂ ਅਸਫਲ ਰਹੀਆਂ ਕਿਉਂਕਿ ਇਹ ਸੁਭਾਗੀ ਧਰਤੀ ਹੈ।"

ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਦੀ ਨਿਰੰਤਰ ਕਾਰਵਾਈ ਲੋਕ ਲਹਿਰ ਵਿੱਚ ਬਦਲ ਰਹੀ ਹੈ

ਸੰਤ ਤ੍ਰਿਲੋਚਨ ਦਾਸ ਜੀ ਮਹਾਰਾਜ ਦੇ 38ਵੇਂ ਗੁਰੂਗੱਦੀ ਦਿਵਸ ਮੌਕੇ ਸੱਚਖੰਡ ਨਾਨਕ ਧਾਮ, ਦਰਸ਼ਨ ਦਰਬਾਰ, ਬਟਾਲਾ ਵਿਖੇ ਕਰਵਾਇਆ ਗਿਆ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ, ਨਸ਼ਿਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੇ ਵਧ ਰਹੇ ਪ੍ਰਭਾਵ ਨੂੰ ਦਰਸਾਉਂਦਾ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਵਿੱਚ ਤੇਜ਼ੀ ਲਿਆਂਦੀ ਗਈ ਹੈ। ਇਸ ਮੁਹਿੰਮ ਤਹਿਤ ਸਿਰਫ 437 ਦਿਨਾਂ ਵਿੱਚ 63,707 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਨਾਲ ਹੀ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਬਰਬਾਦ ਕੀਤਾ ਗਿਆ ਹੈ, ਨਸ਼ੀਲੇ ਪਦਾਰਥਾਂ ਦੀ ਕਮਾਈ ਨਾਲ ਬਣੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ ਅਤੇ ਪੀੜਤ ਨੌਜਵਾਨਾਂ ਲਈ ਮੁੜ-ਵਸੇਬਾ ਯਕੀਨੀ ਬਣਾਇਆ ਗਿਆ ਹੈ।

ਇਸ ਦੇ ਨਾਲ-ਨਾਲ ਪੰਜਾਬ ਸਰਕਾਰ ਦੀ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਤਹਿਤ ਗੈਂਗਸਟਰ ਵਿਰੋਧੀ ਟਾਸਕ ਫੋਰਸ ਅਤੇ ਜ਼ਿਲ੍ਹਾ ਪੁਲਿਸ ਟੀਮਾਂ ਦੇ ਤਾਲਮੇਲ ਨਾਲ ਸੰਗਠਿਤ ਅਪਰਾਧ ਵਿਰੁੱਧ ਫੈਸਲਾਕੁੰਨ ਜੰਗ ਸ਼ੁਰੂ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਨਸ਼ਾ ਛੁਡਾਊ ਇਲਾਜ, ਹੁਨਰ ਵਿਕਾਸ ਅਤੇ ਮੁੜ-ਵਸੇਬੇ 'ਤੇ ਵੀ ਧਿਆਨ ਕੇਂਦਰਿਤ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੀੜਤ ਨੌਜਵਾਨਾਂ ਨੂੰ ਸਨਮਾਨ ਅਤੇ ਰੋਜ਼ਗਾਰ ਦੇ ਮੌਕਿਆਂ ਨਾਲ ਸਮਾਜ ਦੀ ਮੁੱਖ ਧਾਰਾ ਵਿੱਚ ਮੁੜ ਸ਼ਾਮਲ ਕੀਤਾ ਜਾ ਸਕੇ।

ਆਈ.ਪੀ.ਐਲ. ਦੌਰਾਨ 'ਪੰਜਾਬ ਕਿੰਗ ਇਲੈਵਨ' ਦਾ ਹੌਸਲਾ

ਆਪਣੇ ਪਰਿਵਾਰ ਦੀ ਕਿਸਮਤ ਬਦਲਣਗੇ, ਪਰ ਜਦੋਂ ਪੇਪਰ ਲੀਕ ਹੋਣ ਕਾਰਨ ਪ੍ਰੀਖਿਆ ਰੱਦ ਹੋ ਜਾਂਦੀ ਹੈ ਤਾਂ ਬੱਚਿਆਂ ਦਾ ਦਿਲ ਟੁੱਟ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੋਇਆ ਹੈ। 2017, 2021, 2024 ਅਤੇ ਹੁਣ 2026 ਵਿਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਹਰ ਵਾਰ ਸੀ.ਬੀ.ਆਈ. ਜਾਂਚ ਹੁੰਦੀ ਹੈ, ਗ੍ਰਿਫਤਾਰੀਆਂ ਹੁੰਦੀਆਂ ਹਨ ਅਤੇ ਕੁਝ ਸਮੇਂ ਬਾਅਦ ਮੁਲਜ਼ਮ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ। ਇਹ ਪੂਰਾ ਪੇਪਰ ਲੀਕ ਮਾਫੀਆ ਬਣ ਚੁੱਕਾ ਹੈ। ਮੁੱਖ ਮੰਤਰੀ ਨੇ ਇਲਜ਼ਾਮ ਲਗਾਇਆ ਕਿ ਜਿੱਥੇ ਭਾਜਪਾ ਦੀਆਂ ਡਬਲ ਇੰਜਣ ਅਤੇ ਟ੍ਰਿਪਲ ਇੰਜਣ ਸਰਕਾਰਾਂ ਹਨ, ਉੱਥੇ ਇਸ ਤਰ੍ਹਾਂ ਦੇ ਪੇਪਰ ਲੀਕ ਦੇ ਮਾਮਲੇ ਸਾਹਮਣੇ ਆ ਰਹੇ ਹਨ।ਉਨ੍ਹਾਂ ਤੰਜ਼ ਕੱਸਦਿਆਂ ਕਿਹਾ,ਪੇਪਰ ਫੂਟਾ, ਸੁਪਨਾ ਟੁੱਟਿਆ ਦੇਸ਼ ਦਾ ਸਿਸਟਮ ਇੱਕ ਪੇਪਰ ਵੀ ਠੀਕ ਤਰੀਕੇ ਨਾਲ ਨਹੀਂ ਕਰਵਾ ਪਾ ਰਿਹਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਲੋਕਾਂ 'ਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬ

ਭਗਵੰਤ ਸਿੰਘ ਮਾਨ ਵੱਲੋਂ ਪੱਛਮੀ ਕਮਾਂਡ ਦੇ ਫ਼ੌਜੀ ਕਮਾਂਡਰ ਨਾਲ ਸਰਹੱਦੀ ਸੁਰੱਖਿਆ, ਰਾਹਤ ਕਾਰਜਾਂ ਤੇ ਆਪ੍ਰੇਸ਼ਨਲ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ

ਚੰਡੀਗੜ੍ਹ, 14 ਮਈ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੱਛਮੀ ਕਮਾਂਡ ਦੇ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਪੁਸਪੇਂਦਰ ਸਿੰਘ ਨਾਲ ਮੁਲਾਕਾਤ ਦੌਰਾਨ ਪੰਜਾਬ ਵਿੱਚ ਮਜਬੂਤ ਸਿਵਲ-ਮਿਲਟਰੀ ਤਾਲਮੇਲ ਦੀ ਜ਼ਰੂਰਤ 'ਤੇ ਜੋਰ ਦਿੱਤਾ, ਜਿਸ ਵਿੱਚ ਦੋਵੇਂ ਧਿਰਾਂ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਰਹੱਦੀ ਸੂਬੇ ਪੰਜਾਬ ਵਿੱਚ ਸਰਹੱਦੀ ਪ੍ਰਬੰਧਨ, ਅੰਦਰੂਨੀ ਸੁਰੱਖਿਆ, ਰਾਹਤ ਕਾਰਜ ਤੇ ਆਪਰੇਸਨਲ ਤਿਆਰੀਆਂ ਬਾਰੇ ਤਾਲਮੇਲ ਮਜਬੂਤ ਕਰਨ 'ਤੇ ਸਹਿਮਤ ਹੋਈਆਂ। ਚੰਡੀਗੜ੍ਹ ਵਿੱਚ ਹੋਈ ਇਸ ਮੀਟਿੰਗ ਵਿੱਚ ਸਰਹੱਦੀ ਖੇਤਰਾਂ ਵਿੱਚ ਚੱਲ ਰਹੇ ਪ੍ਰੋਜੈਕਟਾਂ ਨੂੰ ਤੇਜ ਕਰਨ ਤੇ ਉੱਭਰ ਰਹੀਆਂ ਸੁਰੱਖਿਆ ਤੇ ਹੋਰ ਚੁਣੌਤੀਆਂ ਨਾਲ ਨਜਿੱਠਣ ਲਈ ਤਾਲਮੇਲ ਵਾਲਾ ਢਾਂਚਾ ਵਿਕਸਤ ਕਰਨ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ। ਲੈਫਟੀਨੈਂਟ ਜਨਰਲ ਪੁਸਪੇਂਦਰ ਸਿੰਘ ਵੱਲੋਂ ਪੱਛਮੀ ਫੌਜ ਦੀ ਕਮਾਂਡ ਸੰਭਾਲਣ ਤੋਂ ਬਾਅਦ ਫੌਜ ਕਮਾਂਡਰ ਤੇ ਮੁੱਖ ਮੰਤਰੀ ਵਿਚਕਾਰ ਪਹਿਲੀ ਮੁਲਾਕਾਤ ਦੌਰਾਨ ਕੌਮੀ ਮਹੱਤਵ ਦੇ ਕਈ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹੋਈਆਂ ਕਿ ਸਰਹੱਦੀ ਖੇਤਰਾਂ ਵਿੱਚ ਚੱਲ ਰਹੇ ਸਾਰੇ ਪ੍ਰੋਜੈਕਟਾਂ ਨੂੰ ਪੂਰਾ

ਕਰਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇਗੀ ਤਾਂ ਜੋ ਆਪਰੇਸਨਲ ਸਮਰੱਥਾ ਨੂੰ ਹੋਰ ਵਧਾਇਆ ਜਾ ਸਕੇ ਅਤੇ ਕੌਮੀ ਸੁਰੱਖਿਆ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾ ਸਕੇ।

ਪੰਜਾਬ ਦੀ ਰਣਨੀਤਕ ਮਹੱਤਤਾ 'ਤੇ ਜੋਰ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਇੱਕ ਸਰਹੱਦੀ ਸੂਬਾ ਹੈ, ਜਿਸ ਦੀ ਲਗਪਗ 550 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ਹੈ ਤੇ ਇਸ ਲਈ ਇਸ ਖੇਤਰ ਵਿੱਚ ਸਿਵਲ-ਮਿਲਟਰੀ ਸਹਿਯੋਗ ਨੂੰ ਹੋਰ ਮਜਬੂਤ ਕਰਨਾ ਬਹੁਤ ਮਹੱਤਵਪੂਰਨ ਹੈ।" ਉਨ੍ਹਾਂ ਨੇ ਤਾਲਮੇਲ ਆਧਾਰਿਤ ਨੀਤੀ ਨਿਰਮਾਣ ਅਤੇ ਮਜਬੂਤ ਅੰਦਰੂਨੀ ਸੁਰੱਖਿਆ ਵਿਧੀਆਂ ਰਾਹੀਂ ਵਿਸਵਾਸ ਵਧਾਉਣ ਦੀ ਲੋੜ 'ਤੇ ਜੋਰ ਦਿੱਤਾ।

ਮੁੱਖ ਮੰਤਰੀ ਨੇ ਕੁਦਰਤੀ ਆਫਤਾਂ, ਬਾਹਰੀ ਖਤਰਿਆਂ ਅਤੇ ਹੋਰ ਸੰਕਟਾਂ ਦਾ ਪ੍ਰਭਾਵਸਾਲੀ ਢੰਗ ਨਾਲ ਜਵਾਬ ਦੇਣ ਲਈ ਪੁਖਤਾ ਰਣਨੀਤੀ ਵਿਕਸਤ ਕਰਨ ਦੀ ਮਹੱਤਤਾ 'ਤੇ ਵੀ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿਵਲ ਪ੍ਰਸਾਸਨ ਤੇ ਹਥਿਆਰਬੰਦ ਸੈਨਾਵਾਂ ਵਿਚਕਾਰ ਮਜਬੂਤ ਸਹਿਯੋਗ ਕੌਮੀ ਹਿੱਤਾਂ ਦੀ ਰਾਖੀ ਅਤੇ ਐਮਰਜੈਂਸੀ ਦੌਰਾਨ ਤੇਜ ਪ੍ਰਤੀਕਿਰਿਆ ਯਕੀਨੀ ਬਣਾਉਣ ਲਈ ਜਰੂਰੀ ਹੈ। ਮੀਟਿੰਗ ਵਿੱਚ ਸਰਹੱਦੀ ਮੈਨੇਜਮੈਂਟ, ਅੰਦਰੂਨੀ ਸੁਰੱਖਿਆ, ਯੁਵਾ ਸਕਤੀਕਰਨ, ਅਗਨੀਵੀਰਾਂ ਦੇ ਮੁੜ-ਵਸੇਬੇ ਤੇ ਆਪਰੇਸਨਲ ਤਿਆਰੀ ਨਾਲ ਜੁੜੇ ਅਹਿਮ ਜਮੀਨ ਐਕੁਆਇਰ ਕਰਨ ਦੇ ਮਾਮਲਿਆਂ 'ਤੇ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਰਾਹਤ ਕਾਰਜ, ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਤੇ ਸੇਵਾ ਨਿਭਾ ਰਹੇ ਫੌਜ ਦੇ ਕਰਮਚਾਰੀਆਂ ਅਤੇ ਸਾਬਕਾ ਸੈਨਿਕਾਂ ਲਈ ਰਿਹਾਇਸੀ ਪ੍ਰੋਜੈਕਟਾਂ ਸਮੇਤ ਭਲਾਈ ਦੇ ਕਦਮਾਂ ਬਾਰੇ ਵੀ ਚਰਚਾ ਕੀਤੀ ਗਈ।

ਹਥਿਆਰਬੰਦ ਸੈਨਾਵਾਂ ਦਾ ਸਹਿਯੋਗ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੈਫਟੀਨੈਂਟ ਜਨਰਲ ਪੁਸਪੇਂਦਰ ਸਿੰਘ ਨੂੰ ਭਾਰਤੀ ਫੌਜ ਵੱਲੋਂ ਦੇਸ ਦੀ ਸੇਵਾ ਵਿੱਚ ਕੀਤੀ ਜਾਣ ਵਾਲੀ ਹਰ ਪਹਿਲਕਦਮੀ ਲਈ ਸੂਬੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਦੌਰਾਨ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਬ੍ਰਿਗੇਡੀਅਰ ਸਮੀਰ ਠੱਕਰ, ਕਰਨਲ ਜਸਦੀਪ ਸੰਧੂ, ਹੈੱਡਕੁਆਰਟਰ ਪੱਛਮੀ ਕਮਾਂਡ ਦੇ ਸਿਵਲ ਮਿਲਟਰੀ ਮਾਮਲਿਆਂ ਦੇ ਸਲਾਹਕਾਰ ਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਗੁਰੂ ਦੀ ਗੋਲਕ ਦਾ ਪੈਸਾ ਗਬਨ ਕਰਨ ਦੇ ਮਾਮਲੇ 'ਚ ਮਨਜੀਤ ਸਿੰਘ ਜੀ.ਕੇ. ਵਿਰੁੱਧ ਦੋ ਐਫ਼.ਆਈ.ਆਰ. ਦਰਜ, ਸੰਮਨ ਜਾਰੀ : ਕਾਲਕਾ, ਕਾਹਲੋਂ

ਨਵੀਂ ਦਿੱਲੀ, 14 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਪ੍ਰਧਾਨ ਹੁੰਦਿਆਂ ਗੋਲਕ ਦੇ ਪੈਸੇ ਦੀ ਕੀਤੀ ਦੁਰਵਰਤੋਂ ਦੇ ਮਾਮਲੇ ਵਿਚ ਅਦਾਲਤ ਨੇ ਸੰਗਿਆਨ ਲੈਂਦਿਆਂ ਦੋ ਐਫ ਆਈ ਆਰ ਦਰਜ ਕੀਤੀਆਂ ਹਨ ਅਤੇ ਇਕ ਮਾਮਲੇ ਵਿਚ ਪਹਿਲਾਂ ਹੀ ਸੰਗਿਆਨ ਲੈਂਦਿਆਂ ਜੀ.ਕੇ. ਨੂੰ ਨੋਟਿਸ ਜਾਰੀ ਕੀਤਾ ਗਿਆ ਸੀ ਜਿਸ ਵਿਚ ਉਹ ਜ਼ਮਾਨਤ 'ਤੇ ਬਾਹਰ ਹੈ ਤੇ ਤਾਜ਼ਾ ਮਾਮਲੇ ਵਿਚ ਹੁਣ ਸੰਮਨ ਜਾਰੀ ਕੀਤੇ ਹਨ ਤੇ ਅਖੀਰ ਜੀ.ਕੇ. ਨੂੰ ਆਪਣੇ ਕੀਤੇ ਕੁਕਰਮਾਂ ਦਾ ਫਲ ਭੁਗਤਣਾ ਹੀ ਪਵੇਗਾ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪਹਿਲਾ ਕੇਸ ਉਹਨਾਂ ਦੇ ਆਪਣੇ ਹੁਣ ਦੇ ਕਰੀਬੀ ਸਾਥੀ ਗੁਰਮੀਤ ਸਿੰਘ ਸ਼ੰਟੀ ਵੱਲੋਂ ਦਾਇਰ ਕੀਤਾ ਗਿਆ ਸੀ ਜਿਸ ਵਿਚ ਐਫ ਆਈ ਆਰ ਨੰਬਰ 3/2019 ਨਾਰਥ ਅਵੈਨਿਊ ਪੁਲਿਸ ਥਾਣਾ ਵਿਚ ਦਰਜ ਹੈ ਜਿਸ ਵਿਚ ਕੈਨੇਡਾ ਤੋਂ ਇਕ ਲੱਖ ਡਾਲਰ ਇਕ ਪਰਿਵਾਰ ਨੇ ਚੈਕ ਰਾਹੀਂ ਦਿੱਤਾ ਸੀ ਪਰ ਇਸ ਮਾਮਲੇ ਵਿਚ ਜੀ.ਕੇ. ਤੇ ਉਹਨਾਂ ਦੇ ਸਾਥੀਆਂ ਨੇ ਐਕਸਿਸ ਬੈਂਕ ਦੇ ਜਾਅਲੀ ਵੋਚਰ ਬਣਾ ਕੇ ਇਹ ਦਰਸਾਇਆ ਕਿ ਇਹ ਰਾਸ਼ੀ ਨਗਦ ਐਕਸਿਸ ਬੈਂਕ ਵਿਚ ਜਮ੍ਹਾਂ ਕਰਵਾਈ ਗਈ ਹੈ। ਉਹਨਾਂ ਦੱਸਿਆ ਕਿ ਇਕ ਲੱਖ ਕੈਨੇਡੀਅਨ ਡਾਲਰ ਦੀ ਰਾਸ਼ੀ ਮੁਤਾਬਕ 51 ਲੱਖ 5 ਹਜ਼ਾਰ 773 ਰੁਪਏ ਬਣਦੀ ਹੈ ਜਿਸਦਾ ਗਬਨ ਕੀਤਾ



ਗਿਆ ਹੈ।

ਉਹਨਾਂ ਕਿਹਾ ਕਿ ਇਸੇ ਤਰੀਕੇ ਮਨਜੀਤ ਸਿੰਘ ਜੀ.ਕੇ. ਨੇ 'ਸਾਡੀ ਵਿਰਾਸਤ' ਨਾਂ ਦੀ ਕਿਤਾਬ ਪ੍ਰਕਾਸ਼ਤ ਹੋਣੀ ਵਿਖਾਈ ਜਦੋਂ ਕਿ ਅਜਿਹੀ ਕੋਈ ਪੁਸਤਕ ਪ੍ਰਕਾਸ਼ਤ ਨਹੀਂ ਹੋਈ ਤੇ ਘਪਲੇਬਾਜ਼ੀ ਹੋਈ। ਉਹਨਾਂ ਕਿਹਾ ਕਿ ਇਸੇ ਤਰੀਕੇ ਰੈਨਬੀ ਕਲੋਥਿੰਗ ਪ੍ਰਾਈਵੇਟ ਲਿਮਟਿਡ ਜੋ ਜੀ.ਕੇ. ਦੇ ਘਰ ਦੇ ਨਾਂ 'ਤੇ ਰਜਿਸਟਰਡ ਹੈ ਤੇ ਉਹਨਾਂ ਦੀ ਬੇਟੀ ਦੀ ਕੰਪਨੀ ਹੈ, ਤੋਂ ਕਮੇਟੀ ਨੂੰ ਵੱਖ-ਵੱਖ ਸਮਾਨ ਦੀ ਸਪਲਾਈ ਵਿਖਾ ਕੇ ਅਦਾਇਗੀਆਂ ਕੀਤੀਆਂ ਤੇ ਹੇਰ ਫੇਰ ਕੀਤਾ ਗਿਆ। ਉਹਨਾਂ ਦੱਸਿਆ ਕਿ ਇਸ ਕੇਸ ਵਿਚ ਜੀ.ਕੇ. ਨੂੰ ਧਾਰਾ 409, 511, 406, 471, 477 ਏ, 120 ਬੀ ਦੇ ਤਹਿਤ ਸੰਮਨ ਜਾਰੀ ਹੋਏ ਹਨ।

ਉਹਨਾਂ ਦੱਸਿਆ ਕਿ ਇਸੇ ਤਰੀਕੇ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਸ਼ਿਕਾਇਤ 'ਤੇ ਐਫ ਆਈ ਆਰ 192/2020 ਦਰਜ ਹੋਈ ਜਿਸ ਤਹਿਤ ਗਬਨ ਬਾਰੇ ਦੱਸਿਆ ਗਿਆ ਹੈ। ਉਹਨਾਂ ਕਿਹਾ ਕਿ ਇਸ ਮਾਮਲੇ ਵਿਚ 30 ਲੱਖ ਅਤੇ 50 ਲੱਖ ਰੁਪਏ ਦੀ ਰਾਸ਼ੀ ਇਕ ਲੱਖ ਕੈਨੇਡੀਅਨ ਡਾਲਰ ਦੇ ਬਦਲੇ ਐਡਜਸਟ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਕੇਸ ਵਿਚ ਵੀ 406, 409, 420 ਅਤੇ 120 ਆਈ ਪੀ ਸੀ ਦੀ ਧਾਰਾ ਲੱਗਦੀ ਹੈ। ਉਹਨਾਂ ਕਿਹਾ ਕਿ ਇਸ ਸਭ ਦੇ ਬਾਵਜੂਦ ਵੀ ਜੇਕਰ ਜੀ.ਕੇ. ਝੂਠ ਬੋਲਣਾ ਚਾਹੁਣ ਤਾਂ ਉਹਨਾਂ ਦੀ ਮਰਜ਼ੀ ਹੈ। ਉਹਨਾਂ ਕਿਹਾ ਕਿ ਜਿਸ ਤਰੀਕੇ ਗੁਰੂ ਘਰ ਦੇ ਪੈਸੇ ਦੀ ਦੁਰਵਰਤੋਂ ਕੀਤੀ ਗਈ, ਰੱਬ ਹੀ ਰਾਖਾ ਹੈ।

ਉਹਨਾਂ ਦੱਸਿਆ ਕਿ ਇਸੇ ਤਰੀਕੇ ਜਦੋਂ ਵਿਦੇਸ਼ਾਂ ਤੋਂ ਸੰਗਤ ਇਥੇ ਦਿੱਲੀ ਦੇ ਗੁਰੂ ਘਰਾਂ ਵਿਚ ਨਤਮਸਤਕ ਹੋਣ ਆਉਂਦੀ ਹੈ ਤਾਂ ਪੌਡ, ਡਾਲਰ ਆਦਿ ਕਰੰਸੀ ਦਾ ਮੱਥਾ ਟੇਕ ਦਿੰਦੀ ਹੈ। ਇਹ ਕਰੰਸੀ ਫਿਰ ਕਮੇਟੀ ਵਿਚ ਜਮ੍ਹਾਂ ਹੁੰਦੀ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਮਨਜੀਤ ਸਿੰਘ ਜੀ.ਕੇ. ਨੇ ਵਿਦੇਸ਼ੀ ਫੇਰੀ ਦੌਰਾਨ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਸ ਵਿਦੇਸ਼ੀ ਕਰੰਸੀ ਰਾਹੀਂ ਅਦਾਇਗੀ ਦਰਸਾ ਦਿੱਤੀ ਹੈ ਜਦੋਂ ਕਿ ਅਸਲ ਵਿਚ ਵਿਦੇਸ਼ਾਂ ਤੋਂ ਸੰਗਤ ਕਮੇਟੀ ਵਾਸਤੇ ਦਸਵੰਧ ਦਿੰਦੀ ਹੈ ਪਰ ਇਹਨਾਂ ਨੇ ਤਾਂ ਉਲਟੀ ਗੰਗਾ ਚਲਾ ਦਿੱਤੀ ਹ ਤੇ ਹੈਰਾਨੀ ਵਾਲੀ ਗੱਲ ਹੈ ਕਿ ਇਸ ਧਾਰਮਿਕ ਕਾਰਜ ਵਾਸਤੇ ਕਮੇਟੀ ਨੇ ਪੈਸੇ ਖਰਚੇ ਜਿਸਦਾ ਕੋਈ ਸਬੂਤ ਨਹੀਂ, ਕੋਈ ਰਸੀਵਿੰਗ ਨਹੀਂ ਤੇ ਇਹ ਬਹੁਤ ਵੱਡਾ ਘਪਲਾ ਹੈ।

ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਜੀ ਟੀ ਬੀ ਆਈ ਟੀ ਇੰਸਟੀਚਿਊਟ ਨੂੰ 10 ਲੱਖ ਰੁਪਏ ਦੇਣ ਦਾ ਮਨਜੀਤ ਸਿੰਘ ਜੀ.ਕੇ. ਨੇ ਸਾਦੇ ਕਾਗਜ਼ 'ਤੇ ਪ੍ਰਵਾਨਗੀ ਦਿੱਤੀ ਸੀ ਅਸਲ ਵਿਚ ਉਸ ਦਿਨ ਉਸ ਕਾਲਜ ਕੋਲ 2 ਕਰੋੜ ਰੁਪਏ ਨਗਦ ਪਏ ਸਨ ਤੇ, ਉਸਨੂੰ 10 ਲੱਖ ਰੁਪਏ ਦੀ ਕੋਈ ਜ਼ਰੂਰਤ ਨਹੀਂ ਸੀ। ਉਹਨਾਂ ਕਿਹਾ ਕਿ ਇਸ ਮਾਮਲੇ ਜੀ.ਕੇ. ਜ਼ਮਾਨਤ 'ਤੇ ਹਨ ਤੇ ਉਹਨਾਂ ਦੇ ਵਿਦੇਸ਼ ਜਾਣ 'ਤੇ ਮਨਾਹੀ ਹੈ। ਉਹਨਾਂ ਕਿਹਾ ਕਿ ਭਾਵੇਂ ਮਨਜੀਤ ਸਿੰਘ ਜੀ.ਕੇ. ਪਾਕਿ ਸਾਫ ਹੋਣ ਦੀਆਂ ਵੀਡੀਓ ਪਾਉਂਦੇ ਹਨ ਪਰ ਇਹ ਕਿਸੇ ਵੀ ਪਾਸੇ ਭੱਜ ਨਹੀਂ ਸਕਦੇ। ਜ਼ਮਾਨਤ ਭਾਵੇਂ ਮਿਲ ਸਕਦੀ ਹੈ ਪਰ ਅਖੀਰ ਸੱਚ ਦੀ ਜਿੱਤ ਹੋਵੇਗੀ ਤੇ ਉਹਨਾਂ ਨੂੰ ਕੀਤੇ ਕਰਮਾਂ ਦਾ ਫਲ ਭੁਗਤਣਾ ਪਵੇਗਾ।

ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਦਾ ਅਸਰ 416 ਸਰਕਾਰੀ ਸਕੂਲਾਂ ਦਾ 12ਵੀਂ ਦਾ ਨਤੀਜਾ ਰਿਹਾ 100 ਫ਼ੀਸਦੀ

ਚੰਡੀਗੜ੍ਹ, 14 ਮਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਅਧੀਨ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਦੀ 12ਵੀਂ ਜਮਾਤ ਦੀਆਂ ਪ੍ਰੀਖਿਆ ਵਿੱਚ 416 ਸਰਕਾਰੀ ਸਕੂਲਾਂ ਨੇ 100 ਫੀਸਦ ਪਾਸ ਦਰ ਦਰਜ ਹਾਸਲ ਕਰਦਿਆਂ ਇੱਕ ਨਵਾਂਕੀਰਤੀਮਾਨ ਸਥਾਪਤ ਕੀਤਾ ਹੈ। ਦੱਸਣਯੋਗ ਹੈ ਕਿ ਬਾਰ੍ਹਵੀਂ ਜਮਾਤ ਦੇ ਹਾਲ ਹੀ 'ਚ ਆਏ ਨਤੀਜਿਆਂ 'ਚ ਲੜਕੀਆਂ ਨੇ ਇੱਕ ਵਾਰ ਫਿਰ ਮੈਰਿਟ ਸੂਚੀ ਅਤੇ ਪਾਸ ਪ੍ਰਤੀਸ਼ਤਤਾ ਵਿੱਚ ਬਾਜ਼ੀ ਮਾਰੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 500 ਵਿੱਚੋਂ 500 ਅੰਕ ਹਾਸਲ ਕਰਕੇ ਅੱਵਲ ਰਹਿਣ ਵਾਲੀਆਂ ਪੰਜਾਬ ਦੀਆਂ ਤਿੰਨ ਧੀਆਂ ਮਾਨਸਾ ਤੋਂ ਸੁਪਨੀਤ ਕੌਰ ਤੇ ਲੁਧਿਆਣਾ ਤੋਂ ਸੁਹਾਨੀ ਚੌਹਾਨ ਤੇ ਦਿਵਾਂਸ਼ੀ ਦੀ ਰੱਜ ਕੇ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਲੜਕੀਆਂ ਸਿੱਖਿਆ ਦੇ ਪੁਨਰ-ਉਥਾਨ ਦੀ ਅਗਵਾਈ ਕਰ ਰਹੀਆਂ ਹਨ। ਸਰਕਾਰੀ ਸਕੂਲਾਂ ਦੀ ਸਿੱਖਿਆ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਿਆਂ ਮੈਰਿਟ ਸੂਚੀ ਵਿੱਚ ਸ਼ਾਮਲ 275 ਵਿਦਿਆਰਥੀਆਂ ਵਿੱਚੋਂ 122 ਵਿਦਿਆਰਥੀ ਸਰਕਾਰੀ ਸਕੂਲਾਂ ਦੇ ਹਨ, ਜੋ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਅਧੀਨ ਬੁਨਿਆਦੀ ਢਾਂਚੇ ਦੇ ਨਵੀਨੀਕਰਨ, ਆਧੁਨਿਕ ਕਲਾਸਰੂਮਾਂ ਤੇ ਕੇਂਦਰਿਤ ਅਕਾਦਮਿਕ ਸੁਧਾਰਾਂ ਨਾਲ ਲੈਸ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ

ਕ੍ਰਾਂਤੀਕਾਰੀ ਤਬਦੀਲੀ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਾਨਸਾ ਤੋਂ ਸੁਪਨੀਤ ਕੌਰ, ਲੁਧਿਆਣਾ ਤੋਂ ਸੁਹਾਨੀ ਚੌਹਾਨ ਤੇ ਲੁਧਿਆਣਾ ਤੋਂ ਦਿਵਾਂਸ਼ੀ ਨੂੰ ਪ੍ਰੀਖਿਆਵਾਂ ਵਿੱਚ 500 ਵਿੱਚੋਂ 500 ਅੰਕ ਪ੍ਰਾਪਤ ਕਰਨ ਲਈ ਸਨਮਾਨਿਤ ਕੀਤਾ। ਮੁੱਖ ਮੰਤਰੀ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਉਨ੍ਹਾਂ ਦੀ ਬੇਮਿਸਾਲ ਪ੍ਰਾਪਤੀ ਲਈ 50,000 ਰੁਪਏ ਦੀ ਨਕਦ ਇਨਾਮੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਬਹੁਤ ਮਾਣ ਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਤਿੰਨੋਂ ਟਾਪਰ ਕੌਮੀ ਅਤੇ ਰਾਜ ਪੱਧਰੀ ਖਿਡਾਰੀ ਹਨ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਉਹ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ।" ਉਨ੍ਹਾਂ ਅੱਗੇ ਕਿਹਾ, "ਸਾਰੇ ਟਾਪਰ ਆਮ ਪਿਛੋਕੜ ਵਾਲੇ ਹਨ ਤੇ ਸਖ਼ਤ ਮਿਹਨਤ ਤੇ ਸਮਰਪਣ ਨਾਲ ਜ਼ਿੰਦਗੀ ਵਿੱਚ ਸਫਲਤਾ ਦੀਆਂ ਉਚਾਈਆਂ ਛੂਹਣੀਆਂ ਚਾਹੁੰਦੇ ਹਨ। ਪੰਜਾਬ ਸਰਕਾਰ ਉਨ੍ਹਾਂ ਦੇ ਸੁਪਨਿਆਂ ਨੂੰ ਹਾਸਲ ਵਿੱਚ ਉਨ੍ਹਾਂ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਵੇਗੀ।"

ਸਿੱਖਿਆ ਖੇਤਰ ਵਿੱਚ ਲੜਕੀਆਂ ਦੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਇਹ ਸਾਡੇ ਸਾਰਿਆਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸਮਾਜ ਵਿੱਚ ਸਿੱਖਿਆ ਦੇ ਪ੍ਰਸਾਰ ਨਾਲ, ਲੜਕੀਆਂ ਨੇ ਨਾ ਸਿਰਫ਼ ਸਿੱਖਿਆ ਖੇਤਰ ਵਿੱਚ ਸਗੋਂ ਹਰ ਖੇਤਰ ਵਿੱਚ ਲੜਕਿਆਂ ਨੂੰ ਪਛਾੜ ਦਿੱਤਾ ਹੈ।" ਉਨ੍ਹਾਂ ਅੱਗੇ ਕਿਹਾ, "ਸਮੇਂ ਨੇ ਸਾਬਤ ਕਰ ਦਿੱਤਾ ਹੈ ਕਿ ਕੁੜੀਆਂ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਤੋਂ ਘੱਟ ਨਹੀਂ ਹਨ ਅਤੇ ਸਿੱਖਿਆ ਖੇਤਰ ਵਿੱਚ ਮੱਲਾਂ ਮਾਰ ਕੇ, ਉਨ੍ਹਾਂ ਨੇ ਦਿਖਾਇਆ ਹੈ ਕਿ ਉਨ੍ਹਾਂ ਦੀ ਬੁੱਧੀ, ਹੁਨਰ ਤੇ ਮੁਹਾਰਤ ਦਾ ਕੋਈ ਮੁਕਾਬਲਾ ਨਹੀਂ ਹੈ।"

ਇਨ੍ਹਾਂ ਪ੍ਰਾਪਤੀਆਂ ਨੂੰ ਸਹੀ ਮਾਇਨੇ ਵਿੱਚ ਸਸ਼ਕਤੀਕਰਨ ਦਾ ਪ੍ਰਤੱਖ ਪ੍ਰਮਾਣ ਦੱਸਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ

ਸੰਪਾਦਕੀ

ਬਦਲਵੇਂ ਉਪਾਅ

ਪੱਛਮੀ ਏਸ਼ੀਆ ਵਿੱਚ ਟਕਰਾਅ ਤੋਂ ਪੈਦਾ ਹੋਏ ਸੰਕਟ ਦਾ ਕੋਈ ਸਥਾਈ ਹੱਲ ਨਜ਼ਰ ਨਾ ਆਉਣ ਕਰਕੇ ਭਾਰਤ ਨੇ ਇਸਦੇ ਪ੍ਰਭਾਵ ਨੂੰ ਘਟਾਉਣ ਲਈ ਵਿਕਲਪਿਕ ਉਪਾਅ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹ ਪ੍ਰਧਾਨ ਮੰਤਰੀ ਦੀ ਹਾਲ ਹੀ ਵਿੱਚ ਜਨਤਕ ਅਪੀਲ ਨਾਲ ਸ਼ੁਰੂ ਹੋਇਆ, ਜਿਸ ਵਿੱਚ ਸੋਨੇ ਅਤੇ ਚਾਂਦੀ 'ਤੇ ਆਯਾਤ ਡਿਊਟੀ 6% ਤੋਂ ਵਧਾ ਕੇ 15% ਕਰਨ ਦਾ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਬੁੱਧਵਾਰ ਨੂੰ ਇਨ੍ਹਾਂ ਕੀਮਤੀ ਧਾਤਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਸਰਕਾਰ ਦਾ ਦਾਅਵਾ ਹੈ ਕਿ ਇਹ ਕਦਮ ਸੰਕਟ ਦੌਰਾਨ ਗੈਰ-ਜ਼ਰੂਰੀ ਵਸਤੂਆਂ ਦੇ ਆਯਾਤ ਕਾਰਨ ਵਿਦੇਸ਼ੀ ਮੁਦਰਾ ਭੰਡਾਰ 'ਤੇ ਵੱਧ ਰਹੇ ਦਬਾਅ ਨੂੰ ਰੋਕਣ ਲਈ ਚੁੱਕਿਆ ਗਿਆ ਸੀ। ਭਾਰਤ ਦੁਨੀਆ ਦਾ ਕੀਮਤੀ ਧਾਤਾਂ ਦਾ ਦੂਜਾ ਸਭ ਤੋਂ ਵੱਡਾ ਖਪਤਕਾਰ ਹੈ। ਕੱਚੇ ਤੇਲ ਤੋਂ ਬਾਅਦ ਦੇਸ਼ ਦੇ ਆਯਾਤ ਵਿੱਚ ਸੋਨਾ ਦੂਜਾ ਸਭ ਤੋਂ ਵੱਡਾ ਹਿੱਸਾ ਹੈ। ਵਧਦੀ ਮੰਗ ਅਤੇ ਆਯਾਤ ਨੇ ਵਿਦੇਸ਼ੀ ਮੁਦਰਾ ਦੀ ਖਪਤ ਵਿੱਚ ਵੀ ਵਾਧਾ ਕੀਤਾ ਹੈ, ਜਿਸ ਕਾਰਨ ਰੁਪਿਆ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ। ਜਿੱਥੇ ਗਹਿਣਿਆਂ ਦੇ ਵਪਾਰੀ ਸਰਕਾਰ ਦੇ ਇਸ ਕਦਮ ਤੋਂ ਨਿਰਾਸ਼ ਹਨ, ਉੱਥੇ ਇਹ ਵੀ ਸੱਚ ਹੈ ਕਿ ਜੇਕਰ ਸਮੇਂ ਸਿਰ ਚੁਕਵੇਂ ਉਪਾਅ ਨਾ ਕੀਤੇ ਗਏ ਤਾਂ ਆਉਣ ਵਾਲੇ ਦਿਨਾਂ ਵਿੱਚ ਪੈਦਾ ਹੋਣ ਵਾਲੀ ਗੁੰਝਲਦਾਰ ਸਥਿਤੀ ਦਾ ਸਭ ਤੋਂ ਵੱਧ ਪ੍ਰਭਾਵ ਆਮ ਆਦਮੀ 'ਤੇ ਪਵੇਗਾ। ਇਹ ਧਿਆਨ ਦੇਣ ਯੋਗ ਹੈ ਕਿ ਪੱਛਮੀ ਏਸ਼ੀਆ ਸੰਕਟ ਦੇ ਮੱਦੇਨਜ਼ਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਤਾ ਨੂੰ ਅਪੀਲ ਕੀਤੀ ਸੀ ਕਿ ਉਹ ਬਾਲਣ ਦੀ ਸਮਝਦਾਰੀ ਨਾਲ ਵਰਤੋਂ, ਖਾਣਾ ਪਕਾਉਣ ਵਾਲੇ ਤੇਲ ਨੂੰ ਘਟਾਉਣ ਅਤੇ ਸੋਨੇ ਦੀ ਖਰੀਦਦਾਰੀ ਅਤੇ ਵਿਦੇਸ਼ੀ ਯਾਤਰਾ ਨੂੰ ਮੁਲਤਵੀ ਕਰਨ ਵਰਗੇ ਉਪਾਅ ਅਪਣਾ ਕੇ ਵਿਦੇਸ਼ੀ ਮੁਦਰਾ ਦੀ ਬਚਤ ਕਰਨ। ਸੁਨੇਹਾ ਸਪੱਸ਼ਟ ਸੀ: ਦੇਸ਼ ਦੀ ਆਰਥਿਕਤਾ ਵਧਦੇ ਦਬਾਅ ਹੇਠ ਹੈ ਅਤੇ ਇਸ ਨੂੰ ਘਟਾਉਣ ਲਈ ਵਿਕਲਪਕ ਉਪਾਅ ਅਪਣਾਏ ਜਾਣੇ ਚਾਹੀਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਆਮ ਨਾਗਰਿਕ ਕਿਸੇ ਵੀ ਵੱਡੇ ਸੰਕਟ ਨਾਲ ਨਜਿੱਠਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਨਤਕ ਭਾਗੀਦਾਰੀ ਤੋਂ ਬਿਨਾਂ, ਕੋਈ ਵੀ ਯੋਜਨਾ ਸਫਲ ਨਹੀਂ ਹੋ ਸਕਦੀ ਅਤੇ ਨਾ ਹੀ ਸੰਕਟ ਦੌਰਾਨ ਜ਼ਰੂਰੀ ਉਪਾਅ ਵੱਡੇ ਪੱਧਰ 'ਤੇ ਮਹੱਤਵਪੂਰਨ ਨਤੀਜੇ ਦੇ ਸਕਦੇ ਹਨ। ਸੋਨੇ ਅਤੇ ਚਾਂਦੀ ਦੀ ਖਰੀਦ ਨਾਗਰਿਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਪਰੇ ਹੈ ਅਤੇ ਇਸਨੂੰ ਕੁਝ ਸਮੇਂ ਲਈ ਸੀਮਤ ਕਰਨਾ ਇੱਕ ਅਰਥਪੂਰਨ ਪਹਿਲਕਦਮੀ ਸਾਬਤ ਹੋ ਸਕਦਾ ਹੈ ਜੇਕਰ ਇਹ ਵਿਦੇਸ਼ੀ ਮੁਦਰਾ ਭੰਡਾਰ 'ਤੇ ਦਬਾਅ ਘਟਾਉਂਦਾ ਹੈ। ਇਸ ਸਰਕਾਰੀ ਕਦਮ ਦਾ ਇੱਕ ਹੋਰ ਪਹਿਲੂ ਇਹ ਹੈ ਕਿ ਇਸ ਨਾਲ ਸੋਨੇ ਅਤੇ ਚਾਂਦੀ ਦੀ ਕਾਲਾਬਾਜ਼ਾਰੀ ਅਤੇ ਤਸਕਰੀ ਵਧਣ ਦੀ ਸੰਭਾਵਨਾ ਹੈ। ਇਸ ਲਈ, ਅੰਤਰਰਾਸ਼ਟਰੀ ਸਰਹੱਦਾਂ 'ਤੇ ਨਿਗਰਾਨੀ ਅਤੇ ਚੌਕਸੀ ਵਧਾਉਣ ਦੀ ਲੋੜ ਹੈ। ਜ਼ਮੀਨੀ ਅਤੇ ਤੱਟਵਰਤੀ ਘੁਸਪੈਠ ਦੇ ਰੂਟਾਂ, ਸੰਗਠਿਤ ਨੈੱਟਵਰਕਾਂ ਅਤੇ ਵੰਡ ਕੇਂਦਰਾਂ ਵਜੋਂ ਕੰਮ ਕਰਨ ਵਾਲੇ ਵਪਾਰੀਆਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਇਹ ਸੰਕਟ ਦੌਰਾਨ ਗੈਰ-ਜ਼ਰੂਰੀ ਆਯਾਤ ਵਿੱਚ ਸੰਤੁਲਿਤ ਕਮੀ ਦੁਆਰਾ ਸਮੁੱਚੀ ਆਰਥਿਕ ਸਥਿਰਤਾ ਅਤੇ ਬਾਹਰੀ ਖੇਤਰ ਦੇ ਸੂਝਵਾਨ ਪ੍ਰਬੰਧਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਇਸ ਤੋਂ ਇਲਾਵਾ ਭਾਰਤ ਦੇ ਵਿਦੇਸ਼ੀ ਮੁਦਰਾ ਸਰੋਤਾਂ ਦੇ ਅੰਦਰ ਜ਼ਰੂਰੀ ਆਯਾਤ ਜਿਵੇਂ ਕਿ ਤੇਲ, ਖਾਦ, ਉਦਯੋਗਿਕ ਕੱਚੇ ਮਾਲ ਅਤੇ ਰੱਖਿਆ ਜ਼ਰੂਰਤਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਗੈਰ-ਜ਼ਰੂਰੀ ਬਾਲਣ ਦੀ ਵਰਤੋਂ ਘਟਾਉਣ ਦੀ ਵੀ ਅਪੀਲ ਕੀਤੀ ਹੈ ਅਤੇ ਬੁੱਧਵਾਰ ਨੂੰ ਉਨ੍ਹਾਂ ਨੇ ਖੁਦ ਆਪਣੇ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ ਘਟਾ ਦਿੱਤੀ। ਇਸ ਤੋਂ ਬਾਅਦ ਕਈ ਮੁੱਖ ਮੰਤਰੀਆਂ ਨੇ ਵੀ ਇਸੇ ਤਰ੍ਹਾਂ ਦੇ ਕਦਮ ਚੁੱਕੇ ਹਨ। ਹਾਲਾਂਕਿ, ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਇਹ ਸਰਕਾਰੀ ਪੱਧਰ ਦੀ ਮੁਹਿੰਮ ਸਿਰਫ਼ ਘੋਸ਼ਣਾਵਾਂ ਤੱਕ ਸੀਮਤ ਨਾ ਰਹੇ। ਜਨਤਾ ਇਨ੍ਹਾਂ ਉਪਾਵਾਂ ਨੂੰ ਸਿਰਫ਼ ਤਾਂ ਹੀ ਵਿਆਪਕ ਤੌਰ 'ਤੇ ਅਪਣਾਏਗੀ ਜੇਕਰ ਜਨਤਕ ਪ੍ਰਤੀਨਿਧੀ ਵੀ ਹਿੱਸਾ ਲੈਣ। ਸਰਕਾਰ ਨੇ ਸੋਨੇ ਅਤੇ ਚਾਂਦੀ ਦੇ ਆਯਾਤ 'ਤੇ ਡਿਊਟੀ ਵਿੱਚ ਕਾਫ਼ੀ ਵਾਧਾ ਕੀਤਾ ਹੈ। ਹੁਣ ਵਿਦੇਸ਼ਾਂ ਤੋਂ ਆਯਾਤ ਕੀਤੇ ਜਾਣ ਵਾਲੇ ਸਰਾਫਾ (ਸੋਨਾ ਅਤੇ ਚਾਂਦੀ) 'ਤੇ ਪਹਿਲਾਂ ਨਾਲੋਂ ਦੁੱਗਣਾ ਟੈਕਸ ਲਗਾਇਆ ਜਾਵੇਗਾ। ਪਹਿਲਾਂ ਆਯਾਤ 'ਤੇ 5% ਬੇਸਿਕ ਕਸਟਮ ਡਿਊਟੀ ਅਤੇ 1% ਏ ਆਈ ਡੀ ਸੀ ਲਗਾਇਆ ਜਾਂਦਾ ਸੀ, ਜਿਸਦੇ ਨਤੀਜੇ ਵਜੋਂ ਕੁੱਲ 6% ਕਸਟਮ ਡਿਊਟੀ ਲੱਗਦੀ ਸੀ। ਇਸ ਵਿੱਚ 3% ਆਈ ਜੀ ਐੱਸ ਟੀ ਜੋੜਨ ਤੋਂ ਬਾਅਦ, ਕੁੱਲ ਪ੍ਰਭਾਵੀ ਆਯਾਤ ਡਿਊਟੀ 9.18% ਸੀ।

-ਜਗਜੀਤ ਸਿੰਘ ਦਰਦੀ

ਪੰਜਾਬ ਵਿੱਚ ਐਸ.ਆਈ.ਆਰ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਬਦਲੇਗੀ ਸਿਆਸੀ ਸਮੀਕਰਨ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਚੋਣ ਕਮਿਸ਼ਨ ਨੇ ਦੇਸ਼ ਦੇ ਕਈ ਰਾਜਾਂ ਵਿੱਚ ਐਸ.ਆਈ.ਆਰ ਦਾ ਐਲਾਨ ਕੀਤਾ ਹੈ, ਜਿਸ ਵਿੱਚ ਪੰਜਾਬ ਤੇ ਚੰਡੀਗੜ੍ਹ ਵੀ ਸ਼ਾਮਿਲ ਹਨ । ਇਥੇ ਐਸ.ਆਈ.ਆਰ ਦਾ ਕੀ ਅਸਰ ਹੋਣ ਵਾਲਾ ਹੈ। ਅੱਜ ਭਾਰਤ ਦਾ ਲੋਕਤੰਤਰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਹੈ ਪਰ ਲੋਕਤੰਤਰ ਦੀ ਅਸਲੀ ਤਾਕਤ ਸਿਰਫ਼ ਚੋਣਾਂ ਵਿੱਚ ਨਹੀਂ, ਸਗੋਂ ਇੱਕ ਸ਼ੁੱਧ ਅਤੇ ਭਰੋਸੇਯੋਗ ਵੋਟਰ ਸੂਚੀ ਵਿੱਚ ਹੁੰਦੀ ਹੈ। ਜੇਕਰ ਵੋਟਰ ਸੂਚੀਆਂ ਵਿੱਚ ਬੋਗਸ ਨਾਮ, ਦੋਹਰੀ ਰਜਿਸਟ੍ਰੇਸ਼ਨ, ਮਰੇ ਹੋਏ ਲੋਕਾਂ ਦੇ ਨਾਮ ਜਾਂ ਸਥਾਈ ਤੌਰ 'ਤੇ ਦੂਜੇ ਰਾਜਾਂ ਅਤੇ ਦੇਸ਼ਾਂ ਵਿੱਚ ਜਾ ਚੁੱਕੇ ਲੋਕਾਂ ਦੀਆਂ ਵੋਟਾਂ ਸ਼ਾਮਲ ਰਹਿਣ, ਤਾਂ ਚੋਣੀ ਪ੍ਰਕਿਰਿਆ ਦੀ ਪਵਿੱਤਰਤਾ 'ਤੇ ਸਵਾਲ ਖੜ੍ਹੇ ਹੋ ਜਾਂਦੇ ਹਨ। ਇਸੇ ਪਿਛੋਕੜ ਵਿੱਚ ਭਾਰਤੀ ਚੋਣ ਕਮਿਸ਼ਨ ਵੱਲੋਂ ਕਈ ਰਾਜਾਂ ਵਿੱਚ ਐਸ.ਆਈ.ਆਰ ਦੀ ਮੁਹਿੰਮ ਚਲਾਈ ਜਾ ਰਹੀ ਹੈ। ਅੱਜ ਬਿਹਾਰ ਅਤੇ ਪੱਛਮੀ ਬੰਗਾਲ ਵਿੱਚ ਇਸਦਾ ਪ੍ਰਭਾਵ ਪਹਿਲਾਂ ਹੀ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ। ਹੁਣ ਜਦੋਂ ਪੰਜਾਬ ਵਿੱਚ ਵੀ ਆਉਣ ਵਾਲੇ ਸਮੇਂ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਹੋਣਗੀਆਂ, ਤਾਂ ਇਹ ਸਵਾਲ ਲਾਜ਼ਮੀ ਹੈ ਕਿ ਜੇ ਪੰਜਾਬ ਵਿੱਚ ਵੋਟਰ ਸੂਚੀਆਂ ਦੀ ਵੱਡੀ ਸਫਾਈ ਹੋਈ, ਤਾਂ ਇਸਦਾ ਸਭ ਤੋਂ ਵੱਡਾ ਪ੍ਰਭਾਵ ਕਿਸ 'ਤੇ ਪਵੇਗਾ ? ਕੀ ਪ੍ਰਵਾਸੀ ਮਜ਼ਦੂਰਾਂ ਦੀਆਂ ਵੋਟਾਂ ਕੱਟਣਗੀਆਂ ? ਕੀ ਵਿਦੇਸ਼ਾਂ ਵਿੱਚ ਬੈਠੇ ਐਨਆਰਆਈਆਂ ਦੀਆਂ ਕਾਗਜ਼ੀ ਵੋਟਾਂ ਹਟਣਗੀਆਂ ? ਅਤੇ ਸਭ ਤੋਂ ਵੱਡਾ ਸਵਾਲ—ਇਸ ਨਾਲ ਪੰਜਾਬ ਦੀ ਰਾਜਨੀਤੀ ਦਾ ਸੰਤੁਲਨ ਕਿਵੇਂ ਬਦਲੇਗਾ ? ਅੱਜ ਪੰਜਾਬ ਦੀ ਵੋਟਰ ਡੈਮੋਗ੍ਰਾਫੀ ਇਕ ਬਦਲਦਾ ਹੋਇਆ ਚਿਹਰਾ ? ਹੈ। ਅੱਜ ਪੰਜਾਬ ਦੀ ਕੁੱਲ ਆਬਾਦੀ ਲਗਭਗ 3 ਕਰੋੜ ਦੇ ਨੇੜੇ ਮੰਨੀ ਜਾਂਦੀ ਹੈ, ਜਦਕਿ ਰਜਿਸਟਰਡ ਵੋਟਰਾਂ ਦੀ ਗਿਣਤੀ ਲਗਭਗ 2.1 ਕਰੋੜ ਦੇ ਆਸ-ਪਾਸ ਹੈ। ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬ ਦੀ ਆਬਾਦੀ ਦਾ ਸਮਾਜਿਕ ਅਤੇ ਆਰਥਿਕ ਚਿਹਰਾ ਬਹੁਤ ਬਦਲਿਆ ਹੈ। ਅੱਜ ਇੱਕ ਪਾਸੇ ਪੰਜਾਬ ਦੇ ਲੱਖਾਂ ਨੌਜਵਾਨ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇਟਲੀ ਅਤੇ ਯੂਰਪ ਦੇ ਹੋਰ ਦੇਸ਼ਾਂ ਵਿੱਚ ਸੈਟਲ ਹੋ ਗਏ ਹਨ। ਦੂਜੇ ਪਾਸੇ ਬਿਹਾਰ, ਯੂਪੀ ਅਤੇ ਝਾਰਖੰਡ ਤੋਂ ਆਏ ਪ੍ਰਵਾਸੀ ਮਜ਼ਦੂਰ ਪੰਜਾਬ ਦੀ ਖੇਤੀਬਾੜੀ, ਇੰਡਸਟਰੀ ਅਤੇ ਸ਼ਹਿਰੀ ਮਜ਼ਦੂਰੀ ਢਾਂਚੇ ਦਾ ਅਹਿਮ ਹਿੱਸਾ ਬਣ ਗਏ ਹਨ। ਕਈ ਅੰਦਾਜ਼ਿਆਂ ਮੁਤਾਬਕ ਪੰਜਾਬ ਵਿੱਚ 25 ਤੋਂ 35 ਲੱਖ ਤੱਕ ਪ੍ਰਵਾਸੀ ਮਜ਼ਦੂਰ ਵੱਖ-ਵੱਖ ਰੂਪਾਂ ਵਿੱਚ ਰਹਿੰਦੇ ਹਨ। ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਮੋਹਾਲੀ, ਪਟਿਆਲਾ ਅਤੇ ਮਾਲਵਾ ਖੇਤਰ ਦੇ ਉਦਯੋਗਿਕ ਅਤੇ ਖੇਤੀਬਾੜੀ ਇਲਾਕਿਆਂ ਵਿੱਚ ਇਹ ਗਿਣਤੀ ਕਾਫ਼ੀ ਵੱਡੀ ਹੈ। ਇਸਦੇ ਨਾਲ ਹੀ ਪੰਜਾਬ ਦੇ ਲਗਭਗ 15 ਤੋਂ 20 ਲੱਖ ਲੋਕ ਵਿਦੇਸ਼ਾਂ ਵਿੱਚ ਵੱਸਦੇ ਮੰਨੇ ਜਾਂਦੇ ਹਨ। ਬਹੁਤ ਸਾਰੇ ਐਨਆਰਆਈ ਅਜੇ ਵੀ ਪੰਜਾਬ ਵਿੱਚ ਆਪਣੀਆਂ ਵੋਟਾਂ ਦਰਜ ਕਰਵਾ ਕੇ ਬੈਠੇ ਹਨ, ਹਾਲਾਂਕਿ ਉਹ ਸਾਲਾਂ ਤੋਂ ਪੰਜਾਬ ਨਹੀਂ ਆਏ। ਅੱਜ ਇਹੀ ਉਹ ਡਬਲ ਰਿਐਲਿਟੀ ਹੈ, ਜਿਸ ਨੇ ਪੰਜਾਬ ਦੀ ਵੋਟਰ ਸੂਚੀ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਖੜ੍ਹਾ ਕੀਤਾ ਹੈ।

ਕੀ ਹੁਣ ਬੋਗਸ ਵੋਟਾਂ ਦਾ ਮਸਲਾ

ਹਕੀਕਤ ਜਾਂ ਰਾਜਨੀਤਿਕ ਪ੍ਰਚਾਰ ਹੈ ? ਹਰ ਚੋਣ ਤੋਂ ਪਹਿਲਾਂ ਇਹ ਦੋਸ਼ ਲੱਗਦੇ ਹਨ ਕਿ ਵੋਟਰ ਸੂਚੀਆਂ ਵਿੱਚ ਹਜ਼ਾਰਾਂ ਬੋਗਸ ਵੋਟਾਂ ਹਨ। ਕਈ ਲੋਕ ਇੱਕ ਰਾਜ ਵਿੱਚ ਰਹਿੰਦੇ ਹਨ ਪਰ ਦੂਜੇ ਰਾਜ ਵਿੱਚ ਵੀ ਵੋਟ ਰੱਖਦੇ ਹਨ। ਕੁਝ ਲੋਕਾਂ ਦੇ ਨਾਮ ਪੁਰਾਣੇ ਪਿਡਾਂ ਵਿੱਚ ਵੀ ਹਨ ਅਤੇ ਨਵੇਂ ਸ਼ਹਿਰਾਂ ਵਿੱਚ ਵੀ। ਅੱਜ ਪੰਜਾਬ ਵਿੱਚ ਇਹ ਮਸਲਾ ਦੋ ਤਰੀਕਿਆਂ ਨਾਲ ਮਹੱਤਵਪੂਰਨ ਹੈ 1. ਪ੍ਰਵਾਸੀ ਮਜ਼ਦੂਰਾਂ ਦੀ ਵੋਟਿੰਗ 2. ਐਨਆਰਆਈਆਂ ਦੀ ਜਾਰੀ ਵੋਟਿੰਗ ਰਜਿਸਟ੍ਰੇਸ਼ਨ। ਕਾਨੂੰਨੀ ਤੌਰ 'ਤੇ ਕੋਈ ਵੀ ਭਾਰਤੀ ਨਾਗਰਿਕ ਜਿੱਥੇ ਆਮ ਤੌਰ 'ਤੇ ਰਹਿੰਦਾ ਹੋਵੇ ਉਥੇ ਵੋਟਰ ਬਣ ਸਕਦਾ ਹੈ। ਪਰ ਜੇ ਕੋਈ ਵਿਅਕਤੀ ਸਥਾਈ ਤੌਰ 'ਤੇ ਕਿਸੇ ਹੋਰ ਰਾਜ ਜਾਂ ਦੇਸ਼ ਵਿੱਚ ਰਹਿੰਦਾ ਹੈ ਅਤੇ ਫਿਰ ਵੀ ਪੰਜਾਬ ਵਿੱਚ ਵੋਟਰ ਬਣਿਆ ਹੋਇਆ ਹੈ, ਤਾਂ ਐਸ.ਆਈ.ਆਰ ਦੌਰਾਨ ਉਸਦੀ ਜਾਂਚ ਹੋ ਸਕਦੀ ਹੈ। ਅੱਜ ਇਸੇ ਕਰਕੇ ਹੁਣ ਇਹ ਅਟਕਲਾਂ ਲੱਗ ਰਹੀਆਂ ਹਨ ਕਿ ਪੰਜਾਬ ਵਿੱਚ ਲੱਖਾਂ ਵੋਟਾਂ ਕੱਟੀਆਂ ਜਾ ਸਕਦੀਆਂ ਹਨ।

ਕੀ ਬਿਹਾਰ ਅਤੇ ਬੰਗਾਲ ਦਾ ਤਜਰਬਾ: ਪੰਜਾਬ ਲਈ ਸੰਕੇਤ ਹੈ। ਬਿਹਾਰ ਅਤੇ ਪੱਛਮੀ ਬੰਗਾਲ ਵਿੱਚ ਜਦੋਂ ਵੋਟਰ ਸੂਚੀਆਂ ਦੀ ਸਖ਼ਤ ਜਾਂਚ ਹੋਈ, ਤਾਂ ਵੱਡੀ ਗਿਣਤੀ ਵਿੱਚ ਸੰਦੇਹ ਵਾਲੇ ਨਾਮ ਚਰਚਾ ਵਿੱਚ ਆਏ। ਬੰਗਾਲ ਵਿੱਚ ਇਹ ਮੁੱਦਾ ਰਾਜਨੀਤਿਕ ਧਰੁਵੀਕਰਨ ਦਾ ਕੇਂਦਰ ਬਣ ਗਿਆ। ਇੱਕ ਪਾਸੇ ਵਿਰੋਧੀ ਪਾਰਟੀਆਂ ਨੇ ਦੋਸ਼ ਲਗਾਇਆ ਕਿ ਗਰੀਬ ਅਤੇ ਪ੍ਰਵਾਸੀ ਵਰਗ ਦੀਆਂ ਵੋਟਾਂ ਨਿਸ਼ਾਨੇ 'ਤੇ ਹਨ। ਦੂਜੇ ਪਾਸੇ ਚੋਣ ਕਮਿਸ਼ਨ ਅਤੇ ਸੱਤਾ ਪੱਖ ਨੇ ਕਿਹਾ ਕਿ ਇਹ ਲੋਕਤੰਤਰ ਦੀ ਸਫਾਈ ਹੈ। ਪੰਜਾਬ ਵਿੱਚ ਵੀ ਇਹੀ ਤਰਕ ਆ ਸਕਦਾ ਹੈ। ਇੱਥੇ ਵੀ ਸਵਾਲ ਖੜ੍ਹੇ ਹੋਣਗੇ: ਕੌਣ ਸਥਾਈ ਨਿਵਾਸੀ ਹੈ। ਕੌਣ ਸਿਰਫ਼ ਮੌਸਮੀ ਮਜ਼ਦੂਰ ਹੈ।

ਕੌਣ ਸਾਲਾਂ ਤੋਂ ਵਿਦੇਸ਼ ਵਿੱਚ ਹੈ ਅਤੇ ਕੌਣ ਸਿਰਫ਼ ਕਾਗਜ਼ਾਂ ਵਿੱਚ ਪੰਜਾਬੀ ਵੋਟਰ ਬਣਿਆ ਬੈਠਾ ਹੈ ? ਅੱਜ ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਰਾਜਨੀਤਿਕ ਤਾਕਤ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਪਿਛਲੇ 15 ਸਾਲਾਂ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਬਦਲਾਅ ਇਹ ਆਇਆ ਕਿ ਪ੍ਰਵਾਸੀ ਮਜ਼ਦੂਰ ਹੁਣ ਕੇਵਲ ਮਜ਼ਦੂਰੀ ਤਾਕਤ ਨਹੀਂ ਰਹੇ; ਉਹ ਵੋਟ ਬੈਂਕ ਵੀ ਬਣ ਗਏ ਹਨ। ਅੱਜ ਲੁਧਿਆਣਾ, ਮੰਡੀ ਗੋਬਿੰਦਗੜ੍ਹ, ਖੰਨਾ, ਜਲੰਧਰ ਅਤੇ ਮੋਹਾਲੀ ਵਰਗੇ ਸ਼ਹਿਰਾਂ ਵਿੱਚ ਹਜ਼ਾਰਾਂ ਪ੍ਰਵਾਸੀ ਪਰਿਵਾਰ ਸਥਾਈ ਤੌਰ 'ਤੇ ਵੱਸ ਗਏ ਹਨ। ਉਹਨਾਂ ਦੇ ਬੱਚੇ ਪੰਜਾਬ ਵਿੱਚ ਪੜ੍ਹਦੇ ਹਨ, ਉਹ ਇੱਥੇ ਟੈਕਸ ਭਰਦੇ ਹਨ, ਰੋਜ਼ਗਾਰ ਕਰਦੇ ਹਨ ਅਤੇ ਸਮਾਜਿਕ ਢਾਂਚੇ ਦਾ ਹਿੱਸਾ ਹਨ। ਅੱਜ ਇਸ ਕਰਕੇ ਸਾਰੀਆਂ ਰਾਜਨੀਤਿਕ ਪਾਰਟੀਆਂ—ਚਾਹੇ ਉਹ ਇਸ ਵਰਗ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ। ਜੇ ਐਸ.ਆਈ.ਆਰ ਦੌਰਾਨ ਵੱਡੀ ਗਿਣਤੀ ਵਿੱਚ ਪ੍ਰਵਾਸੀ ਵੋਟਾਂ ਕੱਟਦੀਆਂ ਹਨ, ਤਾਂ ਸ਼ਹਿਰੀ ਸੀਟਾਂ ਦੇ ਨਤੀਜੇ ਬਦਲ ਸਕਦੇ ਹਨ। ਅੱਜ ਕੀ ਭਈਆ ਵੋਟ ਬੈਂਕ ਪੰਜਾਬ ਵਿੱਚ ਫੈਸਲਾਕੁੰਨ ਹੈ ? ਪੰਜਾਬ ਦੀ ਰਾਜਨੀਤੀ ਵਿੱਚ ਭਈਆ ਵੋਟ ਸ਼ਬਦ ਕਾਫ਼ੀ ਸਮੇਂ ਤੋਂ ਵਰਤਿਆ ਜਾਂਦਾ ਹੈ। ਹਾਲਾਂਕਿ ਇਹ ਸ਼ਬਦ ਸਮਾਜਿਕ ਤੌਰ 'ਤੇ ਸੰਵੇਦਨਸ਼ੀਲ ਹੈ, ਪਰ ਚੋਣੀ ਗਣਿਤ ਵਿੱਚ ਇਸਦੀ ਚਰਚਾ ਹੁੰਦੀ ਰਹੀ ਹੈ। ਅੱਜ ਕਈ ਹਲਕਿਆਂ ਵਿੱਚ 10 ਤੋਂ 25 ਫੀਸਦੀ ਤੱਕ ਵੋਟਾਂ ਪ੍ਰਵਾਸੀ ਵਰਗ ਨਾਲ ਜੁੜੀਆਂ ਮੰਨੀਆਂ ਜਾਂਦੀਆਂ ਹਨ। ਜੇ ਇਹਨਾਂ ਵਿੱਚੋਂ ਵੱਡੀ ਗਿਣਤੀ ਹਟਦੀ ਹੈ, ਤਾਂ ਕਈ ਸ਼ਹਿਰੀ ਸੀਟਾਂ 'ਤੇ ਜਿੱਤ ਦਾ ਮਾਰਜਿਨ ਬਦਲ ਸਕਦਾ ਹੈ। ਰਵਾਇਤੀ ਪਾਰਟੀਆਂ ਨੂੰ ਨੁਕਸਾਨ ਜਾਂ ਫਾਇਦਾ ਹੋ ਸਕਦਾ ਹੈ ਤੇ ਧਾਰਮਿਕ ਅਤੇ ਜਾਤੀ ਸਮੀਕਰਨ ਵੀ ਬਦਲ ਸਕਦੇ ਹਨ। ਖ਼ਾਸ ਕਰਕੇ ਦੋਆਬਾ ਅਤੇ ਉਦਯੋਗਿਕ ਬੈਲਟ ਵਿੱਚ ਇਹ ਪ੍ਰਭਾਵ ਜ਼ਿਆਦਾ ਹੋਵੇਗਾ। ਅੱਜ ਐਨਆਰਆਈ ਵੋਟਾਂ ਪੰਜਾਬ ਦੀ ਅਦ੍ਰਿਸ਼ ਰਾਜਨੀਤੀ ਦਾ ਅਖਾੜਾ ਹੈ। ਪੰਜਾਬ ਦੀ ਰਾਜਨੀਤੀ ਵਿੱਚ ਐਨਆਰਆਈ ਪ੍ਰਭਾਵ ਹਮੇਸ਼ਾਂ ਵੱਡਾ ਰਿਹਾ ਹੈ। ਕੈਨੇਡਾ, ਯੂਕੇ ਅਤੇ ਅਮਰੀਕਾ ਵ

ਗਲੋਬਲ ਸਿੱਖ ਕੌਂਸਲ ਨੇ ਸਤਿਕਾਰ ਕਾਨੂੰਨ ਵਿੱਚ ਤੁਰੰਤ ਸੋਧਾਂ ਲਈ ਜਥੇਦਾਰ ਨੂੰ ਭੇਜਿਆ ਪੱਤਰ

ਪੰਜਾਬ ਸਰਕਾਰ ਸਲਾਹ-ਮਸ਼ਵਰੇ ਰਾਹੀਂ ਤੁਰੰਤ ਲੋੜੀਂਦੀਆਂ ਸੋਧਾਂ ਕਰੇ : ਡਾ. ਕੰਵਲਜੀਤ ਕੌਰ

ਚੰਡੀਗੜ੍ਹ, 14 ਮਈ, (ਅੰਮ੍ਰਿਤਪਾਲ ਸਿੰਘ) : ਵੱਖ-ਵੱਖ ਮੁਲਕਾਂ ਦੀਆਂ ਧਾਰਮਿਕ ਸੰਸਥਾਵਾਂ ਦੀ ਕੌਮਾਂਤਰੀ ਪ੍ਰਤੀਨਿਧ ਸੰਸਥਾ ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਭੇਜ ਕੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ 2026 ਵਿੱਚ ਤੁਰੰਤ ਸੋਧਾਂ ਯਕੀਨੀ ਬਣਾਉਣ ਲਈ ਪੰਥਕ ਦਖ਼ਲ ਦੀ ਮੰਗ ਕੀਤੀ ਹੈ। ਜੀ.ਐੱਸ.ਸੀ. ਨੇ ਇਸ ਪੱਤਰ ਦੀਆਂ ਕਾਪੀਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮੁੱਖ ਸਕੱਤਰ ਕੇ.ਏ.ਪੀ. ਸਿਨ੍ਹਾ ਨੂੰ ਵੀ ਭੇਜਦਿਆਂ ਦੀ ਮੰਗ ਕੀਤੀ ਹੈ। ਕਿਸੇ ਦੋਖੀ ਵੱਲੋਂ ਜਾਣਬੁੱਝ ਕੇ ਕੀਤੀ ਜਾਣ ਵਾਲੀ ਬੇਅਦਬੀ ਖ਼ਿਲਾਫ਼ ਸਖ਼ਤ ਸਜ਼ਾ ਦੀ ਆਪਣੀ ਮੰਗ ਨੂੰ ਜਾਇਜ਼ ਦੱਸਦਿਆਂ ਕੌਂਸਲ ਦੀ ਪ੍ਰਧਾਨ ਡਾ. ਕੰਵਲਜੀਤ ਕੌਰ, ਓ.ਬੀ.ਈ. ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਸੋਧੇ ਹੋਏ ਕਾਨੂੰਨ ਵਿੱਚ ਕਈ ਗੰਭੀਰ ਖਾਮੀਆਂ ਹਨ ਜਿਹੜੀਆਂ ਉਸ ਬੁਰਾਈ ਜਿੰਨੀ ਹੀ ਪੀੜਾ ਸਿੱਖ ਕੌਮ ਨੂੰ ਦੇ ਸਕਦੀਆਂ ਹਨ ਜਿਸ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਇਹ ਕਾਨੂੰਨ ਲਿਆਂਦਾ ਗਿਆ ਹੈ। ਕੌਂਸਲ ਦੀ ਸਭ ਤੋਂ ਗੰਭੀਰ ਚਿੰਤਾ ਇਹ ਹੈ ਕਿ ਇਹ ਕਾਨੂੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ, ਹਿਫ਼ਾਜ਼ਤ ਕਰਨ ਤੇ ਰਾਖੀ ਰੱਖਣ ਵਾਲੇ ਖ਼ਿਲਾਫ਼ ਸਪੱਸ਼ਟ ਤੌਰ 'ਤੇ ਪੁਲਿਸ ਨੂੰ ਕੇਸ ਦਰਜ ਕਰਦੇ ਸਮੇਂ ਸਿੱਖ ਰਹਿਤ ਮਰਿਆਦਾ ਦੀ ਵਿਆਖਿਆ ਕਰਨ ਦਾ ਅਧਿਕਾਰ ਦਿੰਦਾ ਹੈ ਜੋ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧਾ ਅਤੇ ਗ਼ੈਰ-ਸੰਵਿਧਾਨਕ ਦਖ਼ਲ ਹੈ ਜਿਸ ਨੂੰ ਕਤਈ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਕੌਂਸਲ ਨੇ ਸਪੱਸ਼ਟ ਕਿਹਾ ਹੈ ਕਿ ਸਿੱਖ ਰਹਿਤ ਮਰਿਆਦਾ ਦੀ ਵਿਆਖਿਆ ਕਰਨਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੰਪੂਰਨ ਅਧਿਕਾਰ ਖੇਤਰ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਕਾਨੂੰਨ ਗ੍ਰੰਥੀਆਂ, ਸੇਵਾਦਾਰਾਂ, ਗੁਰਦੁਆਰਾ ਪ੍ਰਬੰਧਕਾਂ ਅਤੇ ਗੁਰਦੁਆਰਿਆਂ ਜਾਂ ਆਪਣੇ ਘਰਾਂ ਵਿੱਚ ਪ੍ਰਕਾਸ਼ ਕਰਨ ਵਾਲੇ ਪਰਿਵਾਰਾਂ ਨੂੰ ਵੀ ਅਸਲ ਬੇਅਦਬੀ ਕਰਨ ਵਾਲੇ ਵਿਅਕਤੀ ਦੇ ਬਰਾਬਰ ਹੀ ਅਪਰਾਧੀ ਬਣਾ ਕੇ ਅਸੁਰੱਖਿਅਤ ਬਣਾਉਂਦਾ ਹੈ ਅਤੇ ਅਜਿਹੇ ਬੇਕਸੂਰ ਸ਼ਰਧਾਲੂਆਂ ਨੂੰ ਅਦਾਲਤਾਂ ਵਿੱਚ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਮਜਬੂਰ ਕਰਦਾ ਹੈ। ਇਸ ਨਾਲ ਸਿੱਖਾਂ ਵਿੱਚ ਸਥਾਈ ਡਰ ਦਾ ਮਾਹੌਲ ਪੈਦਾ ਹੋਵੇਗਾ ਅਤੇ ਲੋਕ ਆਪਣੇ ਘਰਾਂ ਵਿੱਚ ਰੋਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਜਾਂ ਅਖੰਡ ਪਾਠ ਕਰਵਾਉਣ ਤੋਂ ਵੀ ਹਿਚਕਿਚਾਉਣਗੇ।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)
ਜਿਥੇ ਸੇਵਾ ਹੀ ਜੀਵਨ ਦਾ ਰਾਹ ਹੈ
ਆਰਓ : ਮਾਡਲ ਟਾਊਨ ਜਲੰਧਰ ਫੋਨ 0181-5015610

ਵਾਪਸੀ ਸੂਚਨਾ

ਨਿਲਾਮੀ ਮਿਤੀ 29.05.2026 ਦੇ ਲਈ ਮਿਤੀ 29.04.2026 ਨੂੰ "ਦੀ ਇੰਡੀਅਨ ਐਕਸਪ੍ਰੈਸ ਅਤੇ ਰੋਜ਼ਾਨਾ ਚੜ੍ਹਦੀਕਲਾ" ਵਿਚ ਪ੍ਰਕਾਸ਼ਿਤ ਵਿਕਰੀ ਸੂਚਨਾ ਦੇ ਹਵਾਲੇ ਨਾਲ, ਸ਼ਾਖਾ ਐਸਐਮਈ ਜਲੰਧਰ ਦੇ ਅਧੀਨ ਮੈਸ. ਵਰਿਆਮ ਇਨਵੈਸਟਮੈਂਟਸ ਲਿਮਟਿਡ ਨੂੰ ਨਿਲਾਮੀ ਤੋਂ ਵਾਪਸ ਲੈ ਲਿਆ ਗਿਆ ਹੈ। ਅਧਿਕਾਰਤ ਅਧਿਕਾਰੀ

ਯੂਕੋ ਬੈਂਕ
ਭਾਰਤ ਸਰਕਾਰ ਦਾ ਅਦਾਰਾ

UCO BANK
(A Govt. of India Undertaking)

ਜ਼ੋਨਲ ਦਫ਼ਤਰ : ਐਸਸੀਓ 113-114-115, ਮਾਸਟਰ ਤਾਰਾ ਸਿੰਘ ਨਗਰ, ਜਲੰਧਰ-144001
Ph.: 0181-5064050, 5064061, E-Mail: zo.jlndhar@uco.bank.in

ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਜਾਇਦਾਦ/ਾਂ ਲਈ)
ਜਾਇਦਾਦ/ਾਂ ਦੀ ਜਾਂਚ ਦੀ ਮਿਤੀ 25.05.2026 ਸਵੇਰੇ 10:00 ਵਜੇ ਤੋਂ ਸ਼ਾਮ 05.00 ਵਜੇ ਤੱਕ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਅੇਕਟ 2002 (ਸਰਫਾਇਸੀ) ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀਆਂ ਗਈਆਂ ਅਚੱਲ ਸੰਪਤੀਆਂ ਨੂੰ ਗਿਰਵੀ ਰੱਖਿਆ/ਚਾਰਜ ਕੀਤਾ ਗਿਆ ਹੈ ਜੋ ਸੁਰੱਖਿਅਤ ਲੈਣਦਾਰ ਨੂੰ ਦਿੱਤਾ ਗਿਆ ਹੈ, ਜਿਸਦਾ ਸੰਕੇਤਕ/ਭੌਤਿਕ ਕਬਜ਼ਾ ਯੂਕੋ ਬੈਂਕ (ਸੁਰੱਖਿਅਤ ਲੈਣਦਾਰ) ਦੇ ਅਧਿਕਾਰਤ ਅਧਿਕਾਰੀਆਂ ਦੁਆਰਾ ਲਿਆ ਗਿਆ ਹੈ, "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ। 30.05.2026 ਨੂੰ ਜਾਰੀ ਕੀਤਾ ਜਾਵੇਗਾ ਅਤੇ ਹੇਠਾਂ ਦੱਸੀਆਂ ਗਈਆਂ ਅਚੱਲ ਜਾਇਦਾਦਾਂ ਦੀ ਖਰੀਦ ਲਈ ਇੱਛੁਕ ਖਰੀਦਦਾਰਾਂ ਤੋਂ ਬੋਲੀ ਮੰਗਵਾਈ ਜਾਵੇਗੀ।

ਲ. ਨੰ:	ਸ਼ਾਖਾ ਦਾ ਨਾਮ / ਸ਼ਾਖਾ ਮੁੱਖੀ ਦਾ ਨਾਮ ਅਤੇ ਸੰਪਰਕ / ਕਰਜ਼ਦਾਰ/ਜ਼ਾਮਨ ਦਾ ਨਾਮ	ਸੁਰੱਖਿਅਤ ਗਿਰਵੀ ਅਸਾਸਿਆਂ ਦੇ ਵੇਰਵੇ	a) ਮੰਗ ਨੋਟਿਸ ਦੀ ਮਿਤੀ b) ਨੋਟਿਸ ਅਨੁਸਾਰ ਬਕਾਇਆ ਰਕਮ c) ਕਬਜ਼ੇ ਨੋਟਿਸ ਦੀ ਮਿਤੀ d) ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਈ-ਨਿਲਾਮੀ ਦੀ ਮਿਤੀ/ਸਮਾਂ
1.	ਆਦਮਪੁਰ ਦੋਆਬਾ ਸ਼ੁਮੀਤੀ ਅਰਪਿਤਾ ਸਿੰਘ 8284881056	9 ਮਰਲੇ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖੇਵਟ/ਖਤੌਨੀ ਨੰਬਰ 783/945 ਖਸਰਾ ਨੰਬਰ 23//4/1/2 (1-14) ਵਿੱਚ ਸਾਲ 2010-11 ਦੀ ਜਮਾਂਬੰਦੀ ਅਨੁਸਾਰ ਮੁਹੱਲਾ ਕਲਗੀਆਂ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਵਸੀਕਾ ਨੰਬਰ 891 ਮਿਤੀ 03.10.2016 ਅਨੁਸਾਰ ਸ੍ਰੀ ਇਕਬਾਲ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ ਦੇ ਨਾਮ 'ਤੇ ਸ਼ਾਮਲ ਹੈ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਸ੍ਰੀ ਕਰਨੈਲ ਸਿੰਘ, ਪੱਛਮ: ਸੜਕ, ਉੱਤਰ: ਸੰਦੀਪ ਕੌਰ, ਦੱਖਣ: ਸ੍ਰੀ ਕਰਨੈਲ ਸਿੰਘ ਆਦਿ।	a) 08.09.2023 b) 88,12,318.58 ਰੁਪਏ ਹੋਰ ਵਿਆਜ ਅਤੇ ਖਰਚਿਆਂ ਸਮੇਤ (01.09.2023), ਘੱਟ ਰਿਕਵਰੀ ਜੇਕਰ ਕੋਈ ਹੋਵੇ। c) 29.04.2024 d) ਸੰਕੇਤਕ ਕਬਜ਼ਾ	Rs. 25,00,000/- Rs. 2,50,000/- Rs. 10,000/-	30.05.2026 Between 1:00 P.M to 5:00 P.M
2.	ਆਦਮਪੁਰ ਦੋਆਬਾ ਸ਼ੁਮੀਤੀ ਅਰਪਿਤਾ ਸਿੰਘ 8284881056	8 ਮਰਲੇ ਦੇ ਰਿਹਾਇਸ਼ੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਾਤਾ ਨੰ. 783/945 ਖਸਰਾ ਨੰ. 23//4/1/2 (1-14) ਜਮਾਂਬੰਦੀ 2010-11 ਦੇ ਅਨੁਸਾਰ ਮੁਹੱਲਾ ਵਿਖੇ ਸਥਿਤ ਖਾਤਾ ਨੰ. 783/945 ਖਸਰਾ ਨੰ. 23/4/1/2 (1-14) ਜਮਾਂਬੰਦੀ 2010-11 ਅਨੁਸਾਰ ਮੁਹੱਲਾ ਕਾਲਗੀਆਂ, ਆਦਮਪੁਰ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ ਜੋ ਕਿ ਟਾਈਟਲ ਡੀਡ/ਵਸੀਕਾ ਨੰ. 892 ਮਿਤੀ 03.10.2016 ਅਨੁਸਾਰ ਸ਼ੁਮੀਤੀ ਸੰਦੀਪ ਕੌਰ ਪਤਨੀ ਹਰਜਿੰਦਰ ਸਿੰਘ ਦੇ ਨਾਮ ਤੇ ਦਰਜ ਹੈ। ਹੱਦਬੰਦੀ ਨਿਮਨ ਅਨੁਸਾਰ: ਪੂਰਬ: ਕਰਨੈਲ ਸਿੰਘ ਆਦਿ, ਪੱਛਮ: ਪੈਸੇਜ 20', ਉੱਤਰ: ਬਲਰਾਜ ਸਿੰਘ ਆਦਿ, ਦੱਖਣ: ਕਰਨੈਲ ਸਿੰਘ ਆਦਿ।	a) 09.10.2023 b) 1,15,55,663.90 ਰੁਪਏ ਹੋਰ ਵਿਆਜ ਅਤੇ ਖਰਚਿਆਂ ਸਮੇਤ (31.08.2023), ਘੱਟ ਰਿਕਵਰੀ ਜੇਕਰ ਕੋਈ ਹੋਵੇ। c) 29.04.2024 d) ਸੰਕੇਤਕ ਕਬਜ਼ਾ	Rs. 22,50,000/- Rs. 2,25,000/- Rs. 10,000/-	30.05.2026 Between 1:00 P.M to 5:00 P.M
3.	ਵਿਭਸਟੋਅਲ ਏਰੀਆ ਸੰਦੀਪ ਸ਼ਰਮਾ 7807116388 ਕਰਜ਼ਦਾਰ ਮੈਸਰਜ਼ ਗ੍ਰੈਟੀਫਾਈਡ ਫੂਡਜ਼ ਪ੍ਰੋ. ਰਾਜਵਿੰਦਰ ਕੌਰ	ਡੱਗਰਾਂਵਾਲਾ ਕਪੂਰਥਲਾ ਗਰਬੀ ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ 28 ਮਰਲੇ ਦਾ ਰਿਹਾਇਸ਼ੀ ਪਲਾਟ, ਜੋ ਕਿ ਖਸਰਾ ਨੰਬਰ 6028/5953/566, 6031/5953/566, 6035/5953/566, 6042/5958/569 ਵਿੱਚ ਸ਼ਾਮਲ ਹੈ ਜੋ ਕਿ ਟਰਾਂਸਫਰ ਡੀਡ ਨੰਬਰ 2022-23/30/1/2053 ਮਿਤੀ 11/11/2022 ਅਨੁਸਾਰ ਸ਼ੁਮੀਤੀ ਰਾਜਵਿੰਦਰ ਕੌਰ ਪਤਨੀ ਸ਼ੀ ਸ਼ੁਭਮ ਕਸ਼ਯਪ ਰਾਜਪੂਰ ਦੇ ਨਾਮ 'ਤੇ ਦਰਜ ਹੈ। ਜਾਇਦਾਦ ਦੀ ਹੱਦਬੰਦੀ ਟਰਾਂਸਫਰ ਡੀਡ ਨੰਬਰ 2022-23/30/1/2053 ਮਿਤੀ 11/11/2022 ਦੇ ਅਨੁਸਾਰ ਹੇਠ ਲਿਖੇ ਅਨੁਸਾਰ ਹੈ: ਪੂਰਬ: ਪਵਨ ਧੀਰ, ਪੱਛਮ: ਅਮਰ ਬੀਰ ਬਾਵਾ, ਉੱਤਰ: ਹੋਰ ਮਾਲਕ, ਦੱਖਣ: ਸੜਕ 18' ਚੌੜੀ।	a) 26.08.2025 b) 25.08.2025 ਤੋਂ 30.11.2023 ਤੱਕ ਵਿਆਜ ਸਮੇਤ 28,57,592.35 ਅਤੇ 25.08.2025 ਨੂੰ 30.08.2023 ਤੱਕ ਵਿਆਜ ਸਮੇਤ 73,17,646.66, ਵਿਆਜ ਅਤੇ ਉਸ 'ਤੇ ਹੋਰ ਖਰਚੇ ਸਮੇਤ। c) 13.11.20205 d) ਭੌਤਿਕ ਕਬਜ਼ਾ	Rs. 24,99,000/- Rs. 2,49,900/- Rs. 10,000/-	30.05.2026 Between 1:00 P.M to 5:00 P.M

ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ 15 ਦਿਨ ਵਿਕਰੀ ਸੂਚਨਾ

ਨਿਯਮ ਅਤੇ ਸ਼ਰਤਾਂ: 1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ "ਜਿਵੇਂ ਹੈ ਜਿੱਥੇ ਹੈ ਆਧਾਰ 'ਤੇ" ਅਤੇ "ਜਿਵੇਂ ਹੈ ਜੋ ਹੈ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਆਧਾਰ 'ਤੇ" ਵੇਚੀਆਂ ਜਾ ਰਹੀਆਂ ਹਨ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਣਗੇ। 4. ਨਿਲਾਮੀ ਵਿਕਰੀ "ਈ-ਨਿਲਾਮੀ ਰਾਹੀਂ ਔਨਲਾਈਨ" ਪੋਰਟਲ https://baanknet.com ਹੋਵੇਗੀ। 5. ਇੱਛੁਕ ਬੋਲੀਕਾਰ / ਖਰੀਦਦਾਰਾਂ ਨੂੰ ਆਪਣੇ ਮੋਬਾਈਲ ਨੰਬਰ ਅਤੇ ਈਮੇਲ-ਆਈਡੀ ਦੀ ਵਰਤੋਂ ਕਰਕੇ ਪੋਰਟਲ https://baanknet.com 'ਤੇ ਰਜਿਸਟਰ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਲੋੜੀਂਦੇ KYC ਦਸਤਾਵੇਜ਼ ਅਪਲੋਡ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇੱਕ ਵਾਰ ਜਦੋਂ KYC ਦਸਤਾਵੇਜ਼ਾਂ ਦੀ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਤਸਦੀਕ ਹੋ ਜਾਂਦੀ ਹੈ (ਇਸ ਵਿੱਚ 2 ਕੰਮਕਾਜੀ ਦਿਨ ਲੱਗ ਸਕਦੇ ਹਨ), ਤਾਂ ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਪੋਰਟਲ ਵਿੱਚ ਈ-ਨਿਲਾਮੀ ਦੀ ਮਿਤੀ ਅਤੇ ਸਮਾਂ ਦਰਜ ਹੋਣ ਤੋਂ ਪਹਿਲਾਂ ਆਪਣੇ ਗਲੋਬਲ 5$4 ਵਾਲਿਟ ®© ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ EMD ਰਕਮ ਟ੍ਰਾਂਸਫਰ ਕਰਨੀ ਪਵੇਗੀ। KYC ਦਸਤਾਵੇਜ਼ਾਂ ਦੀ ਤਸਦੀਕ ਅਤੇ ਵਾਲਿਟ ਵਿੱਚ EMD ਦਾ ਟ੍ਰਾਂਸਫਰ ਨਿਲਾਮੀ ਤੋਂ ਪਹਿਲਾਂ ਬਹੁਤ ਪਹਿਲਾਂ ਪੂਰਾ ਕਰ ਲਿਆ ਜਾਣਾ ਚਾਹੀਦਾ ਹੈ। 6. ਈ-ਨਿਲਾਮੀ ਲਈ ਪਲੇਟਫਾਰਮ https://baanknet.com. ਈ-ਨਿਲਾਮੀ ਸੇਵਾ ਪ੍ਰਦਾਤਾ ਹੈਲਪ ਡੈਸਕ ਨੰਬਰ +91 82912 20220, ਹੈਲਪ ਡੈਸਕ ਈ-ਮੇਲ ਆਈਡੀ: support.baanknet@psballiance.com ਦੁਆਰਾ ਪ੍ਰਦਾਨ ਕੀਤਾ ਜਾਵੇਗਾ। ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸੇਵਾ ਪ੍ਰਦਾਤਾ ਦੀ ਵੈਬਸਾਈਟ https://baanknet.com ਤੇ ਈ-ਨਿਲਾਮੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੀ ਲੋੜ ਹੁੰਦੀ ਹੈ। 7. ਵਿਕਰੀ ਦੇ ਆਮ ਨਿਯਮਾਂ ਅਤੇ ਸ਼ਰਤਾਂ ਵਾਲਾ ਵਿਕਰੀ ਨੋਟਿਸ ਵੈਬਸਾਈਟਾਂ/ਵੈਬ ਪੇਜ ਪੋਰਟਲ: https://baanknet.com ਵਿੱਚ ਉਪਲਬਧ/ਪ੍ਰਕਾਸ਼ਿਤ ਹੈ। 8. ਈ-ਨਿਲਾਮੀ ਦੇ ਇੱਛੁਕ ਭਾਗੀਦਾਰ https://baanknet.com ਪੋਰਟਲ ਤੋਂ ਇਸ ਈ-ਨਿਲਾਮੀ ਨਾਲ ਸਬੰਧਤ ਵਿਕਰੀ ਨੋਟਿਸ ਦੀਆਂ ਕਾਪੀਆਂ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ ਬਾਰੇ ਮਦਦ ਮੈਨੂਅਲ ਮੁਫ਼ਤ ਡਾਊਨਲੋਡ ਕਰ ਸਕਦੇ ਹਨ। 9. ਬੋਲੀ ਲਗਾਉਣ ਵੇਲੇ ਬੋਲੀਕਾਰਾਂ ਦੇ ਗਲੋਬਲ ਵਾਲੇਟ ਵਿੱਚ ਕਾਫ਼ੀ ਬਕਾਇਆ (>=EMD ਰਕਮ) ਹੋਣਾ ਚਾਹੀਦਾ ਹੈ। 10. ਈ-ਨਿਲਾਮੀ ਦੌਰਾਨ ਬੋਲੀਕਾਰਾਂ ਨੂੰ ਆਖਰੀ ਬੋਲੀ ਤੋਂ ਇਲਾਵਾ ਇੰਟਰ-ਸੇ ਬੋਲੀ ਵਿੱਚ ਵੱਧ ਬੋਲੀ ਦੇਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਬੋਲੀ ਦੀ ਰਕਮ ਵਿੱਚ ਘੱਟੋ-ਘੱਟ ਵਾਧਾ ਬੋਲੀਕਾਰਾਂ ਦੀ ਆਖਰੀ ਉੱਚ ਬੋਲੀ ਤੋਂ ਉੱਪਰ ਦੱਸੇ ਅਨੁਸਾਰ ਹੋਣਾ ਚਾਹੀਦਾ ਹੈ। ਬੋਲੀਕਾਰਾਂ ਨੂੰ ਲਗਾਤਾਰ ਉੱਚ ਬੋਲੀ ਦੇਣ ਲਈ ਦਸ (10) ਮਿੰਟ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖਰੀ ਸਭ ਤੋਂ ਉੱਚੀ ਬੋਲੀ ਤੋਂ ਦਸ ਮਿੰਟ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਕਿਸੇ ਵੀ ਬੋਲੀਕਾਰ ਦੁਆਰਾ ਕੋਈ ਉੱਚੀ ਬੋਲੀ ਨਹੀਂ ਦਿੱਤੀ ਜਾਂਦੀ ਹੈ, ਤਾਂ ਈ-ਨਿਲਾਮੀ ਬੰਦ ਕਰ ਦਿੱਤੀ ਜਾਵੇਗੀ। 11. ਇਹ ਇੱਛੁਕ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਮਦਦ ਮੈਨੂਅਲ ਨੂੰ ਚੰਗੀ ਤਰ੍ਹਾਂ ਪੜ੍ਹਨ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਨ। ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਦੌਰਾਨ ਕਿਸੇ ਵੀ ਮੁਸ਼ਕਲ ਜਾਂ ਸਹਾਇਤਾ ਦੀ ਲੋੜ ਹੋਣ ਦੀ ਸਥਿਤੀ ਵਿੱਚ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ https://baanknet.com ਦੇ ਅਧਿਕਾਰਤ ਪ੍ਰਤੀਨਿਧੀ ਨਾਲ ਸੰਪਰਕ ਕਰ ਸਕਦੇ ਹਨ ਜਿਸਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ। 12. ਬਾਅਦ ਅਧਿਕਾਰਤ ਅਧਿਕਾਰੀ ਦੁਆਰਾ ਈ-ਨਿਲਾਮੀ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ, ਸਾਡੇ ਉਪਰੋਕਤ ਸੇਵਾ ਪ੍ਰਦਾਤਾ ਦੁਆਰਾ ਸਿਰਫ਼ ਸਫਲ ਬੋਲੀਕਾਰ ਨੂੰ SMS/ਈਮੇਲ ਰਾਹੀਂ ਸੂਚਿਤ ਕੀਤਾ ਜਾਵੇਗ

ਨਗਰ ਨਿਗਮ ਬਟਾਲਾ ਤੇ ਨਗਰ ਕੌਂਸਲ ਚੋਣਾਂ-2026

ਦੂਜੇ ਦਿਨ ਵੀ ਕੋਈ ਨਾਮਜ਼ਦਗੀ ਪੱਤਰ ਦਾਖ਼ਲ ਨਹੀਂ ਹੋਇਆ

ਗੁਰਦਾਸਪੁਰ, 14 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਐਲਾਨੇ ਚੋਣ ਪ੍ਰੋਗਰਾਮ ਅਨੁਸਾਰ ਬਟਾਲਾ ਨਗਰ ਨਿਗਮ, ਨਗਰ ਕੌਂਸਲ ਧਾਰੀਵਾਲ, ਫਤਹਿਗੜ੍ਹ ਚੂੜੀਆਂ ਤੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੀ ਚੋਣਾਂ 26 ਮਈ ਨੂੰ ਹੋਣਗੀਆਂ। ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ- ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਐਲਾਨੇ ਗਏ ਚੋਣ ਪ੍ਰੋਗਰਾਮ ਅਨੁਸਾਰ ਨਾਮਜ਼ਦਗੀਆਂ ਭਰਨ ਦੇ ਅੱਜ ਪਹਿਲੇ ਦਿਨ ਕਿਸੇ ਵੀ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਨਹੀਂ ਭਰਿਆ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖਰੀ ਮਿਤੀ 16 ਮਈ ਦਿਨ ਸ਼ਨੀਵਾਰ ਹੋਵੇਗੀ। ਨਾਮਜ਼ਦਗੀਆਂ ਪੱਤਰਾਂ ਦੀ ਜਾਂਚ 18 ਮਈ ਦਿਨ ਸੋਮਵਾਰ ਨੂੰ ਹੋਵੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਮਈ ਦਿਨ ਮੰਗਲਵਾਰ ਨੂੰ ਦੁਪਹਿਰ 3 ਵਜੇ ਤੱਕ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੋਲਿੰਗ 26 ਮਈ ਦਿਨ ਮੰਗਲਵਾਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗੀ ਤੇ ਵੋਟਾਂ ਦੀ ਗਿਣਤੀ 29 ਮਈ ਦਿਨ ਸ਼ੁੱਕਰਵਾਰ ਨੂੰ ਸਥਾਪਤ ਗਿਣਤੀ ਕੇਂਦਰ 'ਤੇ ਕੀਤੀ ਜਾਵੇਗੀ।

ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਦੀ ਮਦਦ ਕਰਨ ਦੇ ਦੋਸ਼ ਹੇਠ ਸਰਕਾਰੀ ਸਕੂਲ ਅਧਿਆਪਕ ਸਣੇ ਦੋ ਗ੍ਰਿਫ਼ਤਾਰ

ਜੰਮੂ/ਕਿਸ਼ਤਵਾੜ, 14 ਮਈ (ਚ.ਨ.ਸ): ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਤੇ ਪੁਲਿਸ ਨੂੰ ਉਸ ਸਮੇਂ ਇੱਕ ਵੱਡੀ ਸਫਲਤਾ ਮਿਲੀ ਜਦੋਂ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਨੂੰ ਪਨਾਹ ਤੇ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਦੇ ਦੋਸ਼ ਵਿੱਚ ਇੱਕ ਸਰਕਾਰੀ ਸਕੂਲ ਅਧਿਆਪਕ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਅਧਿਕਾਰੀਆਂ ਅਨੁਸਾਰ ਇਹ ਦੋਵੇਂ ਵਿਅਕਤੀ ਖੇਤਰ ਵਿੱਚ ਸਰਗਰਮ ਵਿਦੇਸ਼ੀ ਅੱਤਵਾਦੀਆਂ ਦੀ ਲੰਬੇ ਸਮੇਂ ਤੋਂ ਮਦਦ ਕਰ ਰਹੇ ਸਨ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਫੜੇ ਗਏ ਵਿਅਕਤੀਆਂ ਦੀ ਪਛਾਣ ਮਸ਼ਕੂਰ ਅਹਿਮਦ ਤੇ ਮਨੀਰ ਅਹਿਮਦ ਵਜੋਂ ਹੋਈ ਹੈ। ਮਸ਼ਕੂਰ ਅਹਿਮਦ, ਜੋ ਕਿ ਸਿੱਖਿਆ ਵਿਭਾਗ ਵਿੱਚ ਬਤੌਰ ਅਧਿਆਪਕ ਤਾਇਨਾਤ ਹੈ, ਨੂੰ ਇਸ ਗੰਭੀਰ ਸਾਜ਼ਿਸ਼ ਦਾ ਹਿੱਸਾ ਪਾਇਆ ਗਿਆ ਹੈ। ਦੂਜਾ ਮੁਲਜ਼ਮ ਮਨੀਰ ਅਹਿਮਦ ਕਿਸ਼ਤਵਾੜ ਦੇ ਬਾਂਦੇਯਾਨ ਨੈਂਡਗਾਮ ਇਲਾਕੇ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਅੱਤਵਾਦੀ ਸੈਫੁੱਲਾ ਗਰੁੱਪ ਨਾਲ ਸਬੰਧ ਇਹ ਗ੍ਰਿਫ਼ਤਾਰੀਆਂ ਜੈਸ਼-ਏ-ਮੁਹੰਮਦ ਦੇ ਖਤਰਨਾਕ ਅੱਤਵਾਦੀ ਸੈਫੁੱਲਾ ਗਰੁੱਪ ਨਾਲ ਸਬੰਧਤ ਦੱਸੀਆਂ ਜਾ ਰਹੀਆਂ ਹਨ।ਜ਼ਿਕਰਯੋਗ ਹੈ ਕਿ ਸੈਫੁੱਲਾ ਇਸ ਇਲਾਕੇ ਵਿੱਚ ਜੈਸ਼ ਦਾ ਇੱਕ ਮੁੱਖ ਕਮਾਂਡਰ ਰਿਹਾ ਹੈ, ਜੋ ਕਈ ਅੱਤਵਾਦੀ ਵਾਰਦਾਤਾਂ ਵਿੱਚ ਲੋੜੀਂਦਾ ਸੀ। ਸੁਰੱਖਿਆ ਏਜੰਸੀਆਂ ਮੁਤਾਬਿਕ ਇਹ ਮੁਲਜ਼ਮ ਵਿਦੇਸ਼ੀ ਅੱਤਵਾਦੀਆਂ ਨੂੰ ਰਹਿਣ ਲਈ ਟਿਕਾਣੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਦੇ ਖਾਣ-ਪੀਣ ਤੇ ਹਥਿਆਰਾਂ ਦੀ ਆਵਾਜਾਈ ਵਿੱਚ ਮਦਦ ਕਰਦੇ ਸਨ। ਪੁਲਿਸ ਦੀ ਕਾਰਵਾਈ ਤੇ ਤਫਤੀਸ਼ ਕਿਸ਼ਤਵਾੜ ਦੇ ਸੀਨੀਅਰ ਪੁਲਿਸ ਕਪਤਾਨ ਨਰੇਸ਼ ਸਿੰਘ ਨੇ ਪੁਸ਼ਟੀ ਕੀਤੀ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ ਇਸ ਕਾਰਵਾਈ ਵਿੱਚ ਪਹਿਲਾਂ ਮਨੀਰ ਅਹਿਮਦ ਨੂੰ ਕਾਬੂ ਕੀਤਾ ਗਿਆ ਤੇ ਉਸ ਦੀ ਪੁੱਛਗਿੱਛ ਤੋਂ ਬਾਅਦ ਅਧਿਆਪਕ ਮਸ਼ਕੂਰ ਅਹਿਮਦ ਦੇ ਨਾਂ ਦਾ ਖੁਲਾਸਾ ਹੋਇਆ। ਪੁਲਿਸ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਇਨ੍ਹਾਂ ਵਿਅਕਤੀਆਂ ਦੇ ਤਾਰ ਹੋਰ ਕਿਹੜੇ-ਕਿਹੜੇ ਲੋਕਾਂ ਨਾਲ ਜੁੜੇ ਹੋਏ ਹਨ ਤੇ ਕੀ ਇਨ੍ਹਾਂ ਨੇ ਹੋਰ ਵੀ ਅੱਤਵਾਦੀਆਂ ਨੂੰ ਪਨਾਹ ਦਿੱਤੀ ਸੀ।

ਅਮਰੀਕਾ 'ਚ 'ਪੰਜਾਬੀ ਡੈਵਿਲਜ਼' ਬਾਈਕ ਗੈਂਗ ਦੇ ਮੁਖੀ ਜਸ਼ਨਪ੍ਰੀਤ ਸਿੰਘ ਨੂੰ 5 ਸਾਲ ਤੋਂ ਵੱਧ ਦੀ ਕੈਦ

ਕੈਲੀਫੋਰਨੀਆ, 14 ਮਈ (ਚ.ਨ.ਸ): ਅਮਰੀਕਾ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਤੇ ਮਸ਼ੀਨ ਗੰਨ ਰੱਖਣ ਦੇ ਗੰਭੀਰ ਦੋਸ਼ਾਂ ਹੇਠ ਇੱਕ ਪੰਜਾਬੀ ਨੌਜਵਾਨ ਨੂੰ ਸਖ਼ਤ ਸਜ਼ਾ ਸੁਣਾਈ ਗਈ ਹੈ। ਸਟਾਕਟਨ ਸਥਿਤ ਬਦਨਾਮ ਮੋਟਰਸਾਈਕਲ ਕਲੱਬ 'ਪੰਜਾਬੀ ਡੈਵਿਲਜ਼' ਦੇ ਸੰਸਥਾਪਕ 27 ਸਾਲਾ ਜਸ਼ਨਪ੍ਰੀਤ ਸਿੰਘ ਨੂੰ ਅਮਰੀਕਾ ਦੀ ਇੱਕ ਜ਼ਿਲ੍ਹਾ ਅਦਾਲਤ ਨੇ ਪੰਜ ਸਾਲ ਤੇ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਕਾਰਵਾਈ ਅਮਰੀਕੀ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਆਪ੍ਰੇਸ਼ਨ ਟੇਕ ਬੈਕ ਅਮਰੀਕਾ ਦੇ ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਉਦੇਸ਼ ਦੇਸ਼ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਤੇ ਅਪਰਾਧਿਕ ਗਿਰੋਹਾਂ ਦਾ ਸਫਾਇਆ ਕਰਨਾ ਹੈ। ਅਮਰੀਕੀ ਅਟਾਰਨੀ ਐਰਿਕ ਗ੍ਰਾਂਟ ਵੱਲੋਂ ਜਾਰੀ ਕੀਤੇ ਗਏ ਵੇਰਵਿਆਂ ਅਨੁਸਾਰ ਜਸ਼ਨਪ੍ਰੀਤ ਸਿੰਘ ਦਾ ਸਬੰਧ ਹੈਲਸ ਐਂਜਲਸ ਵਰਗੇ ਖਤਰਨਾਕ ਆਊਟਲਾਅ ਬਾਈਕਰ ਗੈਂਗਾਂ ਨਾਲ ਸੀ। ਉਸ ਵਿਰੁੱਧ ਕਾਰਵਾਈ ਉਦੋਂ ਸ਼ੁਰੂ ਹੋਈ ਜਦੋਂ 6 ਜੂਨ 2025 ਨੂੰ ਉਸ ਨੇ ਇੱਕ ਅੰਡਰਕਵਰ ਅਫਸਰ (ਭੇਸ ਬਦਲੇ ਪੁਲਿਸ ਮੁਲਾਜ਼ਮ) ਨੂੰ ਕਈ ਘਾਤਕ ਹਥਿਆਰ ਵੇਚਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਹਥਿਆਰਾਂ ਵਿੱਚ ਇੱਕ ਛੋਟੀ ਬੈਰਲ ਵਾਲੀ ਰਾਈਫਲ, ਤਿੰਨ ਅਸਾਲਟ ਹਥਿਆਰ, ਰਿਵਾਲਵਰ ਤੇ ਸਭ ਤੋਂ ਖਤਰਨਾਕ ਮਸ਼ੀਨ ਗੰਨ ਕਨਵਰਜ਼ਨ ਡਿਵਾਈਸ ਸ਼ਾਮਲ ਸਨ, ਜੋ ਸਾਧਾਰਨ ਹਥਿਆਰਾਂ ਨੂੰ ਆਟੋਮੈਟਿਕ ਮਸ਼ੀਨ ਗੰਨ ਵਿੱਚ ਬਦਲਣ ਦੀ ਸਮਰੱਥਾ ਰੱਖਦੇ ਹਨ। ਜਦੋਂ ਸੁਰੱਖਿਆ ਏਜੰਸੀਆਂ ਨੇ ਉਸ ਦੇ ਘਰ ਦੀ ਤਲਾਸ਼ੀ ਲਈ ਤਾਂ ਉਥੋਂ ਵੱਡੀ ਮਾਤਰਾ ਵਿੱਚ ਗੈਰ-ਕਾਨੂੰਨੀ ਅਸਲ੍ਹਾ ਬ੍ਰਾਮਦ ਹੋਇਆ। ਤਲਾਸ਼ੀ ਦੌਰਾਨ ਇੱਕ ਮਸ਼ੀਨ ਗੰਨ, ਸਾਈਲੈਂਸਰ ਤੇ ਹੋਰ ਕਈ ਇਤਰਾਜ਼ਯੋਗ ਉਪਕਰਣ ਮਿਲੇ। ਜਾਂਚ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਜਸ਼ਨਪ੍ਰੀਤ ਸਿੰਘ ਕੋਲ ਹੈਂਡ ਗ੍ਰੇਨੇਡ ਤੇ ਕਲੇਮੋਰ ਮਾਈਨ ਵਰਗੇ ਵਿਸਫੋਟਕ ਵੀ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਬੰਬ ਨਿਰੋਧਕ ਦਸਤੇ ਵੱਲੋਂ ਨਸ਼ਟ ਕੀਤਾ ਗਿਆ। ਹੁਣ ਉਹ ਅਮਰੀਕੀ ਫੈਡਰਲ ਜੇਲ੍ਹ ਵਿੱਚ ਆਪਣੀ ਸਜ਼ਾ ਕੱਟੇਗਾ।

ਚੋਰ 15 ਤੋਲੇ ਸੋਨਾ ਤੇ 40,000 ਨਗਦ ਲੈ ਕੇ ਫਰਾਰ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 14 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਕਸਬਾ ਘੁਮਾਣ ਦੇ ਨਜ਼ਦੀਕੀ ਪਿੰਡ ਬਲਰਾਮਪੁਰ ਵਿਖੇ ਬੀਤੀ ਰਾਤ ਇੱਕ ਘਰ ਵਿੱਚੋਂ 15 ਤੋਲੇ ਸੋਨਾ ਤੇ 40 ਹਜ਼ਾਰ ਦੇ ਕਰੀਬ ਨਕਦੀ ਚੋਰਾਂ ਵੱਲੋਂ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਬਲਰਾਮਪੁਰ ਨੇ ਦੱਸਿਆ ਕਿ ਬੀਤੀ ਰਾਤ 1 ਵਜੇ ਦੇ ਕਰੀਬ ਅਸੀਂ ਆਪਣੇ ਘਰ ਵਿੱਚ ਪਰਿਵਾਰ ਨਾਲ ਏਸੀ ਕਮਰੇ ਵਿੱਚ ਸੁੱਤੇ ਪਏ ਸੀ ਕਿ 2 ਅਣਪਛਾਤੇ ਚੋਰ ਜਿਨ੍ਹਾਂ ਵਿੱਚੋਂ ਇੱਕ ਚੋਰ ਸਾਡੀ ਕੰਧ ਟੱਪ ਕੇ ਛੱਤ 'ਤੇ ਬਣੀ ਮਮਟੀ ਦਾ ਦਰਵਾਜ਼ਾ ਖੋਲ੍ਹ ਹੇਠਾਂ ਉਤਰਦਾ ਹੈ ਤੇ ਜਿਸ ਕਮਰੇ ਵਿੱਚ ਅਲਮਾਰੀ ਪਈ ਹੋਈ ਸੀ, ਉਸ ਕਮਰੇ ਵਿੱਚ ਜਾ ਕੇ ਫੋਲਾ-ਫਰੋਲੀ ਕਰਦਾ ਹੈ ਤੇ ਅਲਮਾਰੀ ਵਿੱਚ ਪਏ ਤਕਰੀਬਨ 15 ਤੋਲੇ ਸੋਨੇ ਤੋਂ ਇਲਾਵਾ 40 ਹਜ਼ਾਰ ਰੁਪਏ ਨਕਦੀ ਲੈ ਕੇ ਫਰਾਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਚੋਰਾਂ ਵੱਲੋਂ ਇਹ ਸਾਰਾ ਕੁਝ ਅਲਮਾਰੀ ਤੋਂ ਕੱਢ ਕੇ ਛੱਤ 'ਤੇ ਲਿਜਾਇਆ ਗਿਆ ਤੇ ਸਾਰਾ ਸੋਨਾ ਡੱਬਿਆਂ ਤੋਂ ਕੱਢ ਕੇ ਡੱਬੇ ਸੁੱਟ ਦਿੱਤੇ ਗਏ ਤੇ ਸੋਨਾ ਲੈ ਕੇ ਰਫੂ-ਚੱਕਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਇੱਕ ਮੋਬਾਈਲ ਫੋਨ ਤੋਂ ਸਿੰਮ ਕੱਢ ਕੇ ਲੈ ਗਏ ਤੇ ਮੋਬਾਈਲ ਫੋਨ ਛੱਡ ਗਏ। ਉਨ੍ਹਾਂ ਦੱਸਿਆ ਕਿ ਇਹ ਦੋਵੇਂ ਚੋਰ ਪਹਿਲਾਂ ਪਿੰਡ ਦੇ ਸਰਪੰਚ ਦੇ ਘਰ ਜਾਂਦੇ ਦਿਖਾਏ ਦਿੱਤੇ ਗਏ ਸਨ ਤੇ ਉਨ੍ਹਾਂ ਦੀ ਛੱਤ 'ਤੇ ਚੜ੍ਹਨ ਲੱਗਿਆ ਬਨੇਰਾ ਡਿੱਗ ਗਿਆ। ਜਿਸ ਕਰਕੇ ਇਹ ਦੋਵੇਂ ਚੋਰ ਨੰਗੇ ਪੈਰੀਂ ਭੱਜਦੇ ਹੋਏ ਸੀਸੀਟੀਵੀ ਕੈਮਰੇ ਵਿੱਚ ਕੈਦ ਹੋਏ ਹਨ, ਜਿਸ ਤੋਂ ਬਾਅਦ ਇਹ ਸਾਡੇ ਘਰ ਦਾਖਲ ਹੋਏ ਤੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਉਥੇ ਹੀ ਕਸਬਾ ਵਿਖੇ ਵੀ ਚੋਰਾਂ ਵੱਲੋਂ ਇੱਕ ਦੁਕਾਨ ਦੇ ਜਿੰਦਰੇ ਤੋੜਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਇਸ ਸਬੰਧੀ ਸ਼ਿਵ ਜਿਊਲਰਜ਼ ਦੇ ਮਾਲਕ ਅਸ਼ੋਕ ਕੁਮਾਰ ਨੇ ਦੱਸਿਆ ਕਿ ਜਦੋਂ ਸਵੇਰੇ ਤੜਕਸਾਰ ਜਦ ਦੁਕਾਨ ਖੋਲ੍ਹਣ ਲਈ ਪੁੱਜਾ ਤਾਂ ਦੇਖਿਆ ਕਿ ਸ਼ਟਰਾਂ 'ਤੇ ਨਿਸ਼ਾਨ ਪਏ ਸਨ, ਜਿਸ ਤੋਂ ਬਾਅਦ ਸੀਸੀਟੀਵੀ ਕੈਮਰੇ ਚੈਕ ਕੀਤੇ ਗਏ ਤਾਂ ਦੇਖਿਆ ਕਿ 3 ਨਕਾਬਪੋਸ਼ ਅਣਪਛਾਤੇ ਵਿਅਕਤੀਆਂ ਰਾਤ ਦੇ ਇੱਕ ਵਜੇ ਦੇ ਕਰੀਬ ਮੇਰੇ ਸ਼ਟਰ ਦੇ ਤਾਲੇ ਤੋੜ ਰਹੇ ਸਨ ਪਰ ਤਾਲੇ ਮਜ਼ਬੂਤ ਹੋਣ ਕਰਕੇ ਨਹੀਂ ਟੁੱਟੇ।

'ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਲਈ ਲਿਆ ਫੈਸਲਾ' ਪਾਕਿਸਤਾਨੀ ਪੰਜਾਬ ਦੇ ਸਕੂਲੀ ਸਿਲੇਬਸ 'ਚ ਸ਼ਾਮਲ ਹੋਵੇਗਾ ਭਾਰਤ ਨਾਲ ਹੋਇਆ ਚਾਰ ਦਿਨਾਂ ਟਕਰਾਅ

ਲਾਹੌਰ, 14 ਮਈ (ਚ.ਨ.ਸ): ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਦੇਸ਼ ਭਗਤੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਭਾਰਤ ਤੇ ਪਾਕਿਸਤਾਨ ਵਿਚਾਲੇ ਪਿਛਲੇ ਸਾਲ ਹੋਏ ਚਾਰ ਦਿਨਾਂ ਫੌਜੀ ਟਕਰਾਅ ਨੂੰ ਸਕੂਲੀ ਪਾਠਕ੍ਰਮ ਵਿੱਚ ਸ਼ਾਮਲ ਕਰਨ ਦਾ ਐਲਾਨ ਕੀਤਾ ਹੈ। ਪਾਕਿਸਤਾਨੀ ਪੰਜਾਬ ਦੀ ਸੂਚਨਾ ਮੰਤਰੀ ਅਜ਼ਮਾ ਬੁਖਾਰੀ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀ ਰਾਸ਼ਟਰੀ ਪਾਠਕ੍ਰਮ ਦੇ ਹਿੱਸੇ ਵਜੋਂ ਦੇਸ਼ ਭਗਤੀ ਤੇ ਭਾਰਤ ਨਾਲ ਹੋਏ ਇਸ ਚਾਰ ਦਿਨਾਂ ਸੰਘਰਸ਼ ਬਾਰੇ ਵਿਸਤਾਰ ਨਾਲ ਪੜ੍ਹਨਗੇ। ਇਸ ਕਦਮ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਵਿੱਚ ਰਾਸ਼ਟਰੀ ਏਕਤਾ ਤੇ ਦੇਸ਼ ਪ੍ਰੇਮ ਦੀ ਭਾਵਨਾ ਨੂੰ ਪ੍ਰਬਲ ਕਰਨਾ ਹੈ। ਸੂਚਨਾ ਮੰਤਰੀ ਅਜ਼ਮਾ ਬੁਖਾਰੀ ਨੇ ਸਟੀਅਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਦੱਸਿਆ ਕਿ ਸਰਕਾਰ ਇਸ ਟਕਰਾਅ ਨੂੰ ਸਿਰਫ਼ ਕਿਤਾਬਾਂ ਤੱਕ ਹੀ ਸੀਮਿਤ ਨਹੀਂ ਰੱਖੇਗੀ, ਸਗੋਂ ਪੰਜਾਬ ਫਿਲਮ ਫੰਡ ਰਾਹੀਂ ਇਸ ਵਿਸ਼ੇ 'ਤੇ ਵਿਸ਼ੇਸ਼ ਫਿਲਮਾਂ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਫਿਲਮਾਂ ਤੇ ਪਾਠਕ੍ਰਮ ਰਾਹੀਂ ਨੌਜਵਾਨਾਂ ਨੂੰ ਦੇਸ਼ ਦੀ ਸੁਰੱਖਿਆ ਤੇ ਫੌਜੀ ਮੁਹਿੰਮਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਸਰਕਾਰ ਦਾ ਮੰਨਣਾ ਹੈ ਕਿ ਅਜਿਹੇ ਵਿਸ਼ਿਆਂ ਨੂੰ ਸਿੱਖਿਆ ਪ੍ਰਣਾਲੀ ਦਾ ਹਿੱਸਾ ਬਣਾਉਣ ਨਾਲ ਵਿਦਿਆਰਥੀਆਂ ਵਿੱਚ ਆਪਣੇ ਦੇਸ਼ ਪ੍ਰਤੀ ਵਚਨਬੱਧਤਾ ਵਧੇਗੀ। ਜ਼ਿਕਰਯੋਗ ਹੈ ਕਿ ਇਹ ਫੈਸਲਾ ਪਿਛਲੇ ਸਾਲ ਮਈ ਮਹੀਨੇ ਵਿੱਚ ਹੋਏ ਉਸ ਭਾਰੀ ਫੌਜੀ ਟਕਰਾਅ ਦੇ ਸੰਦਰਭ ਵਿੱਚ ਲਿਆ ਗਿਆ ਹੈ, ਜਿਸ ਦੀ ਸ਼ੁਰੂਆਤ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਨਾਲ ਹੋਈ ਸੀ। ਭਾਰਤ ਨੇ ਪਿਛਲੇ ਸਾਲ 7 ਮਈ ਨੂੰ ਆਪ੍ਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਵਿੱਚ ਸਥਿਤ ਨੌਂ ਅੱਤਵਾਦੀ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ ਸਨ। ਭਾਰਤ ਦਾ ਦਾਅਵਾ ਸੀ ਕਿ ਇਹ ਕਾਰਵਾਈ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਕੀਤੀ ਗਈ ਸੀ, ਜਿਸ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸ਼ਾਮਲ ਸਨ। ਭਾਰਤੀ ਫੌਜ ਅਨੁਸਾਰ ਇਨ੍ਹਾਂ ਹਵਾਈ ਹਮਲਿਆਂ ਵਿੱਚ ਲਗਭਗ 100 ਅੱਤਵਾਦੀ ਮਾਰੇ ਗਏ ਸਨ। ਦੂਜੇ ਪਾਸੇ, ਪਾਕਿਸਤਾਨੀ ਪੰਜਾਬ ਸਰਕਾਰ ਨੇ ਇਸ ਸੰਘਰਸ਼ ਨੂੰ ਆਪਣੀ ਰਾਸ਼ਟਰੀ ਪਛਾਣ ਤੇ ਦੇਸ਼ ਭਗਤੀ ਨਾਲ ਜੋੜਦਿਆਂ ਇਸ ਨੂੰ ਸਿਲੇਬਸ ਦਾ ਹਿੱਸਾ ਬਣਾਉਣ ਦਾ ਮਨ ਬਣਾਇਆ ਹੈ।

ਤੇਜ਼ ਹਨ੍ਹੇਰੀ ਨੇ ਕੀਤਾ ਲੱਖਾਂ ਦਾ ਨੁਕਸਾਨ

ਪ੍ਰਫੈਕਟ ਪੋਲਟਰੀ ਪ੍ਰੋਡਕਟਸ ਦੀਆਂ ਦੀਵਾਰਾਂ ਹੋਈਆਂ ਢਹਿ-ਢੇਰੀ

ਬਟਾਲਾ, 14 ਮਈ (ਬਲਵਿੰਦਰ ਸਿੰਘ ਪੰਜਗਰਾਈਂ): ਬਟਾਲਾ-ਸ੍ਰੀ ਹਰਿਗੋਬਿੰਦਪੁਰ ਰੋਡ ਉਪਰ ਸਥਿਤ ਪ੍ਰਫੈਕਟ ਪੋਲਟਰੀ ਪ੍ਰੋਡਕਟਸ ਨਾਮ ਦੀ ਫੈਕਟਰੀ, ਜੋ ਪੋਲਟਰੀ ਫੀਡ ਤਿਆਰ ਕਰਦੀ ਹੈ ਦੀਆਂ 10-10 ਫੁੱਟ ਉਚੀਆਂ ਦੀਵਾਰਾਂ, ਤੇਜ਼ ਹਨ੍ਹੇਰੀ ਤੇ ਝੱਖੜ ਨੇ ਢਹਿ-ਢੇਰੀ ਕਰਕੇ ਰੱਖ ਦਿੱਤੀਆਂ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਜਤਿੰਦਰ ਸਿੰਘ ਨੇ ਦੱਸਿਆ ਕਿ ਲੰਘੀ ਰਾਤ ਹਵਾ ਦਾ ਵਹਾਅ ਇੰਨਾ ਕੁ ਤੇਜ਼ ਸੀ ਕਿ ਸਾਡੀਆਂ ਚੜ੍ਹਦੇ ਤੇ ਲਹਿੰਦੇ ਪਾਸੇ ਦੀਆਂ ਦੀਵਾਰਾਂ (ਜਿਸਦੀ ਲੰਬਾਈ ਤਕਰੀਬਨ 200 ਫੁੱਟ ਤੇ ਚੌੜਾਈ 10 ਫੁੱਟ ਸੀ, ਉਹ

ਮਜ਼ਦੂਰ ਨੂੰ ਸਾਰੀ ਰਾਤ ਨੋਚਦੇ ਰਹੇ ਖੂੰਖਾਰ ਕੁੱਤੇ

☛ਮੌਤ ਤੋਂ ਬਾਅਦ ਪ੍ਰਸ਼ਾਸਨ ਦੀ ਲਾਪ੍ਰਵਾਹੀ 'ਤੇ ਫੁੱਟਿਆ ਲੋਕਾਂ ਦਾ ਗੁੱਸਾ

ਖੰਨਾ, 14 ਮਈ (ਚ.ਨ.ਸ): ਖੰਨਾ ਤੇ ਇਸਦੇ ਆਲੇ-ਦੁਆਲੇ ਦੇ ਇਲਾਕਿਆਂ 'ਚ ਅਵਾਰਾ ਤੇ ਆਦਮਖੋਰ ਬਣ ਚੁੱਕੇ ਕੁੱਤਿਆਂ ਦਾ ਖੌਫ ਲਗਾਤਾਰ ਵੱਧਦਾ ਜਾ ਰਿਹਾ ਹੈ। ਪ੍ਰਸ਼ਾਸਨ ਦੀ ਬੇਧਿਆਨੀ ਤੇ ਨਗਰ ਕੌਂਸਲ ਦੀ ਨਾਕਾਮੀ ਕਾਰਨ ਹੁਣ ਹਾਲਾਤ ਇੰਨੇ ਖ਼ਤਰਨਾਕ ਹੋ ਚੁੱਕੇ ਹਨ ਕਿ ਲੋਕਾਂ ਲਈ ਘਰਾਂ ਤੋਂ ਬਾਹਰ ਨਿਕਲਣਾ ਵੀ ਮੁਸ਼ਕਿਲ ਹੋ ਗਿਆ ਹੈ। ਤਾਜ਼ਾ ਘਟਨਾ ਖੰਨਾ ਦੇ ਨੇੜਲੇ ਪਿੰਡ ਰਸੂਲੜਾ 'ਚ ਸਾਹਮਣੇ ਆਈ, ਜਿੱਥੇ ਇੱਕ ਮਜ਼ਦੂਰ ਨੂੰ ਕੁੱਤਿਆਂ ਦੇ ਝੁੰਡ ਨੇ ਨੋਚ-ਨੋਚ ਕੇ ਮਾਰ ਦਿੱਤਾ। ਮ੍ਰਿਤਕ ਦੀ ਪਛਾਣ 35 ਸਾਲਾ ਰਾਮ ਈਸ਼ਵਰ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਰਾਮ ਈਸ਼ਵਰ ਰਾਤ ਸਮੇਂ ਖੇਤਾਂ ਵੱਲ ਗਿਆ ਸੀ, ਜਿੱਥੇ 10 ਤੋਂ 15 ਅਵਾਰਾ ਕੁੱਤਿਆਂ ਦੇ ਝੁੰਡ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤੇ ਉਸਨੂੰ ਸਾਰੀ ਰਾਤ ਨੋਚਦੇ ਰਹੇ। ਮ੍ਰਿਤਕ ਦੇ

ਭਰਾ ਨੇ ਦੱਸਿਆ ਕਿ ਸਵੇਰੇ ਉਨ੍ਹਾਂ ਦੇ ਪਿਤਾ ਜਦੋਂ ਖੇਤਾਂ ਵੱਲ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਕੁੱਤੇ ਰਾਮ ਈਸ਼ਵਰ ਦੀ ਦੇਹ ਨੂੰ ਖਾ ਰਹੇ ਸਨ। ਉਸਨੇ ਤੁਰੰਤ ਲੋਕਾਂ ਨੂੰ ਇਕੱਠੇ ਕੀਤਾ, ਜਿਸ ਤੋਂ ਬਾਅਦ ਕੁੱਤੇ ਭਜਾਏ ਗਏ। ਉਦੋਂ ਤੱਕ ਦੇਰ ਹੋ ਚੁੱਕੀ ਸੀ, ਕੁੱਤੇ ਰਾਮ ਈਸ਼ਵਰ ਦੇ ਸਰੀਰ ਦੇ ਕਈ ਹਿੱਸਿਆਂ ਨੂੰ ਨੋਚ ਚੁੱਕੇ ਸਨ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ 'ਚ ਪ੍ਰਸ਼ਾਸਨ ਖ਼ਿਲਾਫ਼ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਲੋਕ ਅਵਾਰਾ ਕੁੱਤਿਆਂ ਦੇ ਹਮਲਿਆਂ ਦਾ ਸ਼ਿਕਾਰ ਹੋ ਚੁੱਕੇ ਹਨ। ਲੋਕਾਂ ਨੇ ਦੋਸ਼ ਲਗਾਇਆ ਕਿ ਨਗਰ ਕੌਂਸਲ ਖੰਨਾ ਵੱਲੋਂ ਗੈਰਕਾਨੂੰਨੀ ਤਰੀਕੇ ਨਾਲ ਬਣਾਇਆ ਗਿਆ ਕੂੜੇ ਦਾ ਡੰਪ ਇਨ੍ਹਾਂ ਕੁੱਤਿਆਂ ਦੀ ਵੱਧ ਰਹੀ ਗਿਣਤੀ ਦਾ ਮੁੱਖ ਕਾਰਨ ਹੈ।

ਲੇਬਨਾਨ 'ਚ ਇਜ਼ਰਾਈਲੀ ਡਰੋਨਾਂ ਨੇ ਗਾਈਵੇਅ 'ਤੇ ਦੌੜਦੀਆਂ ਗੱਡੀਆਂ ਨੂੰ ਬਣਾਇਆ ਨਿਸ਼ਾਨਾ, 12 ਦੀ ਮੌਤ

ਬੇਰੂਤ/ਯਰੂਸ਼ਲਮ, 14 ਮਈ (ਚ.ਨ.ਸ): ਮੱਧ ਪੂਰਬ ਵਿੱਚ ਜਾਰੀ ਜੰਗ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਬੀਤੇ ਦਿਨ ਲੇਬਨਾਨ ਵਿੱਚ ਇਜ਼ਰਾਈਲੀ ਡਰੋਨ ਹਮਲਿਆਂ ਨੇ ਇੱਕ ਵਾਰ ਫਿਰ ਭਾਰੀ ਤਬਾਹੀ ਮਚਾਈ, ਜਿਸ ਵਿੱਚ ਇੱਕ ਔਰਤ ਤੇ ਉਸਦੇ 2 ਬੱਚਿਆਂ ਸਮੇਤ 12 ਲੋਕਾਂ ਦੀ ਦਰਦਨਾਕ ਮੌਤ ਹੋ ਗਈ। ਇਜ਼ਰਾਈਲੀ ਫੌਜ ਨੇ ਇਸ ਵਾਰ ਰਾਜਧਾਨੀ ਬੇਰੂਤ ਨੂੰ ਦੱਖਣੀ ਬੰਦਰਗਾਹ ਸ਼ਹਿਰ ਸਿਡੋਨ ਨਾਲ ਜੋੜਨ ਵਾਲੇ ਮੁੱਖ ਰਾਜਮਾਰਗ (ਹਾਈਵੇਅ) ਨੂੰ ਨਿਸ਼ਾਨਾ ਬਣਾਇਆ, ਜਿਸ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ।

ਸੜਕ 'ਤੇ ਦੌੜਦੇ ਵਾਹਨਾਂ 'ਤੇ ਵਰ੍ਹਾਈ 'ਅਸਮਾਨੀ ਅੱਗ': ਲੇਬਨਾਨ ਦੇ ਸਿਹਤ ਮੰਤਰਾਲੇ ਅਨੁਸਾਰ ਇਜ਼ਰਾਈਲੀ ਡਰੋਨਾਂ ਨੇ ਕੁੱਲ ਸੱਤ ਵਾਹਨਾਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਵਿੱਚੋਂ ਤਿੰਨ ਹਮਲੇ ਬੇਰੂਤ ਦੇ ਦੱਖਣ ਵਿੱਚ ਸਥਿਤ ਮੁੱਖ ਹਾਈਵੇਅ 'ਤੇ ਹੋਏ, ਜਦੋਂ ਕਿ ਇੱਕ ਹਮਲਾ ਸਾਦੀਆਤ ਸ਼ਹਿਰ ਦੇ ਨੇੜੇ ਕੀਤਾ ਗਿਆ। ਹਮਲੇ ਇੰਨੇ ਅਚਾਨਕ ਤੇ ਭਿਆਨਕ ਸਨ ਕਿ ਵਾਹਨਾਂ ਵਿੱਚ ਸਵਾਰ ਲੋਕਾਂ ਨੂੰ ਸੰਭਲਣ ਦਾ ਮੌਕਾ ਤੱਕ ਨਹੀਂ ਮਿਲਿਆ।

ਇਜ਼ਰਾਈਲ ਦੀ ਚੇਤਾਵਨੀ ਤੇ ਹਿਜ਼ਬੁੱਲ੍ਹਾ ਦਾ ਪਲਟਵਾਰ: ਇਜ਼ਰਾਈਲੀ ਫੌਜ ਦਾ ਦਾਅਵਾ ਹੈ ਕਿ ਉਸ ਨੇ ਦੱਖਣੀ ਲੇਬਨਾਨ ਦੇ ਵੱਖ-ਵੱਖ ਇਲਾਕਿਆਂ ਵਿੱਚ ਸਥਿਤ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਤਬਾਹ ਕਰਨ ਲਈ ਇਹ ਕਾਰਵਾਈ ਕੀਤੀ ਹੈ। ਇਸ ਹਮਲੇ ਤੋਂ ਕੁਝ ਘੰਟੇ ਪਹਿਲਾਂ ਇਜ਼ਰਾਈਲ ਨੇ ਛੇ ਪਿੰਡਾਂ ਦੇ ਨਿਵਾਸੀਆਂ ਨੂੰ ਤੁਰੰਤ ਜਗ੍ਹਾ ਖਾਲੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਦੂਜੇ ਪਾਸੇ, ਹਿਜ਼ਬੁੱਲ੍ਹਾ ਨੇ ਵੀ ਹਾਰ ਨਹੀਂ ਮੰਨੀ ਹੈ ਤੇ ਦਾਅਵਾ ਕੀਤਾ ਹੈ ਕਿ ਉਸ ਨੇ ਇਜ਼ਰਾਈਲੀ ਫੌਜ 'ਤੇ ਪਲਟਵਾਰ ਕਰਦੇ ਹੋਏ ਕਈ ਡਰੋਨ ਹਮਲੇ ਕੀਤੇ ਹਨ।

ਜੰਗਬੰਦੀ ਸਮਝੌਤੇ ਦੀਆਂ ਉਡਾਈਆਂ ਧੱਜੀਆਂ: ਹੈਰਾਨੀ ਦੀ ਗੱਲ ਇਹ ਹੈ ਕਿ ਅਮਰੀਕਾ ਦੀ ਵਿਚੋਲਗੀ ਵਿੱਚ 17 ਅਪ੍ਰੈਲ ਨੂੰ ਹੋਏ ਜੰਗਬੰਦੀ ਸਮਝੌਤੇ ਦੇ ਬਾਵਜੂਦ ਦੋਵਾਂ ਪਾਸਿਆਂ ਤੋਂ ਹਮਲੇ ਥਮ ਨਹੀਂ ਰਹੇ ਹਨ। ਇਜ਼ਰਾਈਲ ਤੇ ਲੇਬਨਾਨ ਵਿਚਕਾਰ 1948 ਤੋਂ ਚੱਲ ਰਿਹਾ ਇਹ ਵਿਵਾਦ ਹੁਣ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ।

ਫਿਰੌਤੀ ਲਈ ਵਾਰਦਾਤ ਕਰਨ ਆਏ ਸ਼ੂਟਰ ਨੇ ਸਾਥੀ ਦੇ ਸਿਰ 'ਚ ਮਾਰੀ ਗੋਲੀ

ਤਰਨਤਾਰਨ, 14 ਮਈ (ਚ.ਨ.ਸ): ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਕਸਬਾ ਫਤਿਹਾਬਾਦ ਵਿਖੇ ਬੀਤੇ ਕੁਝ ਦਿਨ ਪਹਿਲਾਂ ਪੰਜਾਬ ਪੋਲਟਰੀ ਫਾਰਮ ਮਾਲਕ ਕੋਲੋਂ ਮੰਗੀ ਗਈ ਫਿਰੌਤੀ ਦੀ ਲੱਖਾਂ ਰੁਪਏ ਦੀ ਰਕਮ ਨਾ ਦੇਣ ਦੇ ਚੱਲਦਿਆਂ ਫਾਇਰਿੰਗ ਕਰਨ ਦੇ ਮਾਮਲੇ ਵਿੱਚ ਪੁਲਿਸ ਵੱਲੋਂ ਮੁਲਾਜ਼ਮਾਂ ਦੀ ਭਾਲ ਕੀਤੀ ਜਾ ਰਹੀ ਸੀ। ਬੀਤੀ ਦੇਰ ਰਾਤ ਮੁੜ ਤੋਂ ਪੋਲਟਰੀ ਫਾਰਮ ਮਾਲਕ ਦੇ ਘਰ ਉਪਰ ਫਾਇਰਿੰਗ ਕਰਨ ਉਪਰੰਤ ਫਰਾਰ ਹੋਏ ਕਥਿਤ ਦੋ ਮੁਲਜ਼ਮਾਂ ਵਿੱਚੋਂ ਇੱਕ ਦੇ ਸਿਰ ਵਿੱਚ ਗੋਲੀ ਲੱਗਣ ਨਾਲ ਉਸ ਦੀ ਮੌਤ ਹੋ ਗਈ ਹੈ, ਜਦਕਿ ਪੁਲਿਸ ਵੱਲੋਂ ਦੂਸਰੇ ਨੂੰ ਕਾਬੂ ਕਰ ਲਿਆ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਵੀ ਪੁੱਤਰ ਚਰਨਜੀਤ ਸਿੰਘ ਨਿਵਾਸੀ ਫਤਿਹਾਬਾਦ ਆਪਣੇ ਸਾਥੀ ਡੀ.ਸੀ. ਸਮੇਤ ਇੱਕ ਘਰ ਉਪਰ ਦੇਰ ਰਾਤ ਲਖਬੀਰ ਸਿੰਘ ਲੰਡਾ ਵੱਲੋਂ ਮੰਗੀ ਲੱਖਾਂ ਰੁਪਏ ਫਿਰੌਤੀ ਦੇ ਚੱਲਦਿਆਂ ਫਾਇਰਿੰਗ ਕਰਨ ਪੁੱਜੇ ਸਨ। ਸੂਤਰਾਂ ਅਨੁਸਾਰ ਦੋਵੇਂ ਮੁਲਜ਼ਮ ਘਰ ਦੇ ਬਾਹਰ ਫਾਇਰਿੰਗ ਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋ ਗਏ। ਜੋ ਘਰੋਂ ਕਿਸੇ ਧਾਰਮਿਕ ਅਸਥਾਨ 'ਤੇ ਜਾਣ ਬਾਰੇ ਦੱਸ ਕੇ ਨਿਕਲੇ ਸਨ। ਦੋਵਾਂ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਡੀ.ਸੀ. ਪੁੱਤਰ ਲੱਖਾ ਸਿੰਘ ਵਾਸੀ ਫਤਿਹਾਬਾਦ ਦੇ ਹੱਥ ਵਿਚ ਮੌਜੂਦ ਪਿਸਤੌਲ ਤੋਂ ਨਿਕਲੀ ਗੋਲੀ ਉਸਦੇ ਸਾਥੀ ਰਵੀ ਦੇ ਸਿਰ ਵਿੱਚ ਲੱਗ ਗਈ। ਜਿਸ ਦੇ ਚੱਲਦਿਆਂ ਉਸ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੇ ਮੁਖੀ ਸਬ-ਇੰਸਪੈਕਟਰ ਬਲਜੀਤ ਕੌਰ ਵੱਲੋਂ ਕਾਰਵਾਈ ਕਰਦੇ ਹੋਏ, ਜਿੱਥੇ ਮ੍ਰਿਤਕ ਦੇਹ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ, ਉੱਥੇ ਹੀ ਇਸ ਦੇ ਦੂਸਰੇ ਸਾਥੀ ਨੂੰ ਹਿਰਾਸਤ ਵਿੱਚ ਲੈਂਦੇ ਹੋਏ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ।

ਭਾਜਪਾ ਸਾਂਸਦ ਸਵਾਤੀ ਮਾਲੀਵਾਲ ਖ਼ਿਲਾਫ਼ ਮਾਣਹਾਨੀ ਦਾ ਮਾਮਲਾ ਦਰਜ

☛'ਆਪ' ਵਿਧਾਇਕ ਅਮਨਦੀਪ ਕੌਰ ਨੇ ਲਿਆ ਅਦਾਲਤ ਦਾ ਸਹਾਰਾ

ਮੋਗਾ, 14 ਮਈ (ਚ.ਨ.ਸ): ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਸਵਾਤੀ ਮਾਲੀਵਾਲ ਖਿਲਾਫ਼ ਮੋਗਾ 'ਚ ਮਾਣਹਾਨੀ ਦਾ ਮਾਮਲਾ ਦਾਇਰ ਕੀਤਾ ਗਿਆ ਹੈ। ਇਹ ਕੇਸ ਮੋਗਾ ਦੀ ਵਿਧਾਇਕ ਅਮਨਦੀਪ ਕੌਰ ਵੱਲੋਂ ਮੋਗਾ ਅਦਾਲਤ 'ਚ ਦਾਖ਼ਲ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ, ਵਿਧਾਇਕ ਅਮਨਦੀਪ ਕੌਰ ਨੇ ਦੋਸ਼ ਲਗਾਇਆ ਕਿ ਸੰਸਦ ਮੈਂਬਰ ਸਵਾਤੀ ਮਾਲੀਵਾਲ ਨੇ ਜਨਤਕ ਤੌਰ 'ਤੇ ਪੰਜਾਬ ਦੇ ਵਿਧਾਇਕਾਂ ਨੂੰ 'ਭੇਡ-ਬੱਕਰੀ' ਕਹਿ ਕੇ ਸੰਬੋਧਨ ਕੀਤਾ, ਜਿਸ ਨਾਲ ਉਨ੍ਹਾਂ ਦੀ ਤੇ ਹੋਰ ਜਨ ਨੁਮਾਇੰਦਿਆਂ ਦੇ ਅਕਸ ਨੂੰ ਠੇਸ ਪਹੁੰਚੀ ਹੈ। ਵਿਧਾਇਕ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ

ਟਿੱਪਣੀ ਲੋਕਤੰਤਰਿਕ ਸੰਸਥਾਵਾਂ ਤੇ ਚੁਣੇ ਹੋਏ ਨੁਮਾਇੰਦਿਆਂ ਦਾ ਅਪਮਾਨ ਹੈ। ਮਾਮਲੇ ਨੂੰ ਗੰਭੀਰ ਮੰਨਦੇ ਹੋਏ ਵਿਧਾਇਕ ਵੱਲੋਂ ਮੋਗਾ ਅਦਾਲਤ 'ਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਗਿਆ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ 19 ਮਈ 2026 ਦੀ ਤਰੀਕ ਨਿਰਧਾਰਿਤ ਕੀਤੀ ਹੈ। ਸਿਆਸੀ ਹਲਕਿਆਂ 'ਚ ਇਸ ਮਾਮਲੇ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਹਨ। ਵਿਰੋਧੀ ਧਿਰਾਂ ਨੇ ਜਿੱਥੇ ਇਸ ਨੂੰ ਜਨ ਨੁਮਾਇੰਦਿਆਂ ਦੇ ਸਨਮਾਨ ਨਾਲ ਜੁੜਿਆ ਮੁੱਦਾ ਦੱਸਿਆ, ਉੱਥੇ ਭਾਜਪਾ ਨੇਤਾਵਾਂ ਵੱਲੋਂ ਅਜੇ ਤੱਕ ਇਸ ਮਾਮਲੇ 'ਤੇ ਕੋਈ ਅਧਿਕਾਰਕ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ।

ਸ਼੍ਰੋਮਣੀ ਕਮੇਟੀ ਵੱਲੋਂ ਸਰਹਿੰਦ ਫ਼ਤਿਹ ਦਿਵਸ ਮੌਕੇ ਅੰਤਰਰਾਸ਼ਟਰੀ ਗੱਤਕਾ ਕੱਪ ਮੁਕਾਬਲੇ ਆਰੰਭ

ਸ੍ਰੀ ਫਤਹਿਗੜ੍ਹ ਸਾਹਿਬ, 14 ਮਈ (ਹਰਪ੍ਰੀਤ ਕੌਰ ਟਿਵਾਣਾ): ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਸਰਹਿੰਦ ਫ਼ਤਿਹ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਤਹਿਗੜ੍ਹ ਸਾਹਿਬ ਵਿਖੇ ਕਰਵਾਏ ਜਾ ਰਹੇ ਤਿੰਨ ਰੋਜ਼ਾ ਧਾਰਮਿਕ ਸਮਾਗਮਾਂ ਦੀ ਕੜੀ ਤਹਿਤ ਸਿੱਖ ਮਾਰਸ਼ਲ ਆਰਟ ਦੇ ਅੰਤਰਰਾਸ਼ਟਰੀ ਗੱਤਕਾ ਮੁਕਾਬਲੇ ਆਰੰਭ ਹੋਏ। ਇਸ ਮੌਕੇ 'ਤੇ ਗੱਤਕਾ ਮੁਕਾਬਲਿਆਂ ਦੀ ਆਰੰਭਤਾ ਅਰਦਾਸ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਸਿੰਘ ਵੱਲੋਂ ਕੀਤੀ ਗਈ।ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਰਿਆ, ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦੇ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ, ਲੋਕ ਗਾਇਕ ਸਤਵਿੰਦਰ ਬੁੱਗਾ, ਗੁਰਪ੍ਰੀਤ ਸਿੰਘ

ਗੱਤਕਾ ਇੰਚਾਰਜ ਸਪੋਰਟਸ ਵਿਭਾਗ ਸ਼੍ਰੋਮਣੀ ਕਮੇਟੀ, ਬਲਵਿੰਦਰ ਸਿੰਘ ਭਮਰਾਸੀ ਐਡੀਸ਼ਨਲ ਮੈਨੇਜਰ, ਪ੍ਰਿਤਪਾਲ ਸਿੰਘ ਮੀਤ ਮੈਨੇਜਰ ਵੱਲੋਂ ਖਿਡਾਰੀਆਂ ਦੇ ਗੱਤਕਾ ਮੁਕਾਬਲੇ ਸ਼ੁਰੂ ਕਰਵਾਏ ਗਏ। ਦੱਸ ਦਈਏ ਕਿ ਇਸ ਅੰਤਰਰਾਸ਼ਟਰੀ ਗੱਤਕਾ ਮੁਕਾਬਲੇ ਵਿੱਚ 6 ਟੀਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਗੱਤਕਾ ਟੀਮ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਗੱਤਕਾ ਅਕੈਡਮੀ ਸਨੌਰ ਪਟਿਆਲਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇੰਟਰਨੈਸ਼ਨਲ ਗੱਤਕਾ ਅਖਾੜਾ ਬੁੱਢਾ ਦਲ ਦਿੱਲੀ, ਇੰਟਰਨੈਸ਼ਨਲ ਦਸ਼ਮੇਸ਼ ਗੱਤਕਾ ਅਕੈਡਮੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਬਾਬਾ ਬਾਜ ਸਿੰਘ ਗੱਤਕਾ ਅਖਾੜਾ ਸ੍ਰੀ ਫਤਹਿਗੜ੍ਹ ਸਾਹਿਬ, ਖ਼ਾਲਸਾ ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਕੁਰਾਲੀ ਚੰਡੀਗੜ੍ਹ ਤੇ ਫਾਈਟ ਮੁਕਾਬਲਿਆਂ ਵਿੱਚ ਚਾਰ ਲੜਕਿਆਂ ਤੇ ਚਾਰ ਲੜਕੀਆਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।ਇਸ ਮੌਕੇ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਰਿਆ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਸਰਹੰਦ ਫਤਿਹ ਦਿਵਸ ਮੌਕੇ ਗੱਤਕਾ ਮੁਕਾਬਲੇ ਕਰਵਾਏ ਜਾਂਦੇ ਹਨ।

ਦੇਸ਼ ਭਗਤ ਯੂਨੀਵਰਸਿਟੀ 'ਚ ਅੰਤਰਰਾਸ਼ਟਰੀ ਨਰਸ ਦਿਵਸ ਉਤਸ਼ਾਹ ਨਾਲ ਮਨਾਇਆ

ਮੰਡੀ ਗੋਬਿੰਦਗੜ੍ਹ, 14 ਮਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ ਨਰਸਿੰਗ ਵੱਲੋਂ ਪ੍ਰਿੰਸੀਪਲ ਪ੍ਰੋ. (ਡਾ.) ਲਵਸੰਪੂਰਨਜੋਤ ਕੌਰ, ਡਿਪਟੀ ਡਾਇਰੈਕਟਰ ਪ੍ਰੋ. (ਡਾ.) ਪ੍ਰਭਜੋਤ ਸਿੰਘ ਤੇ ਵਾਈਸ ਪ੍ਰਿੰਸੀਪਲ ਪ੍ਰੋ. ਸੁਖਵਿੰਦਰ ਕੌਰ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਨਰਸ ਦਿਵਸ ਉਤਸ਼ਾਹ, ਸਮਰਪਣ ਤੇ ਟੀਮ ਭਾਵਨਾ ਨਾਲ ਮਨਾਇਆ ਗਿਆ। ਹਫ਼ਤਾ ਭਰ ਚੱਲੇ ਇਸ ਸਮਾਗਮ ਦਾ ਉਦੇਸ਼ ਸਮਾਜ ਤੇ ਸਿਹਤ ਖੇਤਰ ਲਈ ਨਰਸਾਂ ਵੱਲੋਂ ਦਿੱਤੀਆਂ ਨਿਸ਼ਕਾਮ ਸੇਵਾਵਾਂ, ਦਇਆ ਤੇ ਅਟੱਲ ਸਮਰਪਣ ਨੂੰ ਸਨਮਾਨਿਤ ਕਰਨਾ ਸੀ। ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਤੇ ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਯੂਨੀਵਰਸਿਟੀ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਨਰਸਿਜ਼ ਪ੍ਰੋਗਰਾਮਾਂ ਦੌਰਾਨ ਵਿਦਿਆਰਥੀ

ਤੇ ਫੈਕਲਟੀ ਮੈਂਬਰਾਂ ਲਈ ਕਈ ਸਿੱਖਿਆਦਾਇਕ, ਸੱਭਿਆਚਾਰਕ ਤੇ ਖੇਡ ਮੁਕਾਬਲੇ ਕਰਵਾਏ ਗਏ। ਇਨ੍ਹਾਂ ਵਿੱਚ ਰੱਸਾਕਸ਼ੀ, ਨਿੰਬੂ ਦੌੜ, ਤਿੰਨ ਟੰਗੀ ਦੌੜ, ਕਬੱਡੀ ਮੁਕਾਬਲਾ, ਮਾਡਲ ਪ੍ਰਦਰਸ਼ਨੀ, ਪੋਸਟਰ ਮੇਕਿੰਗ, ਸਿਹਤ ਜਾਗਰੂਕਤਾ ਗਤੀਵਿਧੀਆਂ, ਸੱਭਿਆਚਾਰਕ ਪ੍ਰਸਤੁਤੀਆਂ ਤੇ ਹੋਰ ਮਨੋਰੰਜਕ ਖੇਡਾਂ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਸਮ੍ਰਾਂ ਰੋਸ਼ਨ ਤੇ ਮਹਿਮਾਨਾਂ ਦੇ ਸਵਾਗਤ ਨਾਲ ਹੋਈ। ਸੱਭਿਆਚਾਰਕ ਪ੍ਰੋਗਰਾਮ ਵਿੱਚ ਰੰਗਾਰੰਗ ਪੰਜਾਬੀ ਲੋਕ ਨਾਚ, ਬਾਲੀਵੁੱਡ ਪੇਸ਼ਕਾਰੀਆਂ ਤੇ ਸੁਰੀਲੇ ਸੰਗੀਤਕ ਪ੍ਰੋਗਰਾਮ ਸ਼ਾਮਲ ਸਨ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਸਿਹਤ ਸੇਵਾਵਾਂ ਨੂੰ ਮਜ਼ਬੂਤ ਬਣਾਉਣ ਵਿੱਚ ਨਰਸਾਂ ਦੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਨਰਸਿੰਗ ਪੇਸ਼ੇ ਵਿੱਚ ਦਇਆਭਾਵ, ਅਨੁਸ਼ਾਸਨ, ਪੇਸ਼ੇਵਰਤਾ ਤੇ ਸਮਰਪਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਨਰਸਿੰਗ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਸੇਵਾ ਇਮਾਨ

ਵਿਧਾਇਕ ਛੀਨਾ ਨੇ ਵਿਕਾਸ ਪ੍ਰੋਜੈਕਟ ਦਾ ਉਦਘਾਟਨ

ਲੁਧਿਆਣਾ, 14 ਮਈ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਦੱਖਣੀ ਵਿਖੇ ਵਿਕਾਸ ਪ੍ਰੋਜੈਕਟ ਨਿਰੰਤਰ ਜਾਰੀ ਹਨ, ਜਿਸਦੇ ਤਹਿਤ ਵਾਰਡ ਨੰਬਰ 33 ਵਿਖੇ ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਵੱਲੋਂ ਮੁਹੱਲਾ ਮੱਕੜ ਕਲੋਨੀ ਦੀਆਂ 4 ਗਲੀਆਂ ਵਿੱਚ 43.67 ਲੱਖ ਰੁਪਏ ਦੀ ਲਾਗਤ ਨਾਲ ਆਰ.ਐੱਮ.ਸੀ. ਸੜਕਾਂ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮਾਨ ਸਰਕਾਰ ਸਿਰਫ਼ ਵਾਅਦੇ ਨਹੀਂ ਕਰਦੀ, ਸਗੋਂ ਹਰ ਵਾਅਦੇ ਨੂੰ ਜ਼ਮੀਨ ਪੱਧਰ 'ਤੇ ਪੂਰਾ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਿਛਲੀਆਂ ਸਰਕਾਰਾਂ ਨੇ ਸਾਲਾਂ ਤੱਕ ਲੋਕਾਂ ਨੂੰ ਸਿਰਫ਼ ਝੂਠੇ ਭਰੋਸਿਆਂ ਅਤੇ ਰਾਜਨੀਤੀ ਵਿੱਚ ਉਲਝਾ ਕੇ ਰੱਖਿਆ, ਉੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਗਲੀ ਅਤੇ ਹਰ ਘਰ ਤੱਕ ਵਿਕਾਸ ਪ੍ਰੋਜੈਕਟਾਂ ਨੂੰ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਦੱਖਣੀ ਨੂੰ ਵਿਕਾਸ ਪੱਖੋਂ ਪੰਜਾਬ ਦਾ ਮਾਡਲ ਹਲਕਾ ਬਣਾਇਆ ਜਾ ਰਿਹਾ ਹੈ। ਸੜਕਾਂ, ਗਲੀਆਂ, ਸੀਵਰੇਜ, ਸਟਰੀਟ ਲਾਈਟਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਲਈ ਕਰੋੜਾਂ ਰੁਪਏ ਦੇ ਕੰਮ ਜੰਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਸਾਲਾਂ ਤੋਂ ਲਟਕੀਆਂ ਮੰਗਾਂ ਨੂੰ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਪਹਿਲ ਦੇ ਆਧਾਰ 'ਤੇ ਮਨਜ਼ੂਰ ਕਰਵਾ ਕੇ ਲੋਕਾਂ ਦਾ ਭਰੋਸਾ ਜਿੱਤਿਆ ਹੈ। ਇਲਾਕਾ ਨਿਵਾਸੀਆਂ ਨੇ ਵਿਕਾਸ ਕਾਰਜਾਂ ਲਈ ਮਾਨ ਸਰਕਾਰ ਅਤੇ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਲੋਕਾਂ ਨੂੰ ਅਸਲ ਮਾਇਨੇ ਵਿੱਚ ਬਦਲਾਅ ਅਤੇ ਵਿਕਾਸ ਮਹਿਸੂਸ ਹੋ ਰਿਹਾ ਹੈ।

ਕੀ ਅਕਾਲੀ ਦਲ ਦੇ ਇਸ ਹਲਕਾ ਇੰਚਾਰਜ ਨੂੰ ਅਜੇ ਵੀ ਟਿਕਟ ਦੀ ਝਾਕ ਰੱਖਣੀ ਚਾਹੀਦੀ ਹੈ?

ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : ਇੱਥੋਂ ਦੇ ਵਿਧਾਨ ਸਭਾ ਹਲਕਾ ਆਤਮ ਨਗਰ ਵਿੱਚ ਇੱਕੋ ਦਿਨ ਵਿੱਚ ਅਕਾਲੀ ਦਲ ਦੇ ਦੋ ਅਹੁਦੇਦਾਰਾਂ ਵੱਲੋਂ ਕੀਤੇ ਵੱਖ ਵੱਖ ਸਮਾਗਮਾਂ ਵਿੱਚੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਇੱਕ ਵਿੱਚ ਭਰਵੀਂ ਹਾਜ਼ਰੀ ਲਗਵਾਉਣ ਅਤੇ ਦੂਸਰੇ ਵੱਲ ਮੂੰਹ ਨਾ ਕਰਨ ਕਰਕੇ ਜਿੱਥੇ ਅਕਾਲੀ ਦਲ ਦੀ ਆਪਸੀ ਧੜੇਬੰਦੀ ਪਹਿਲਾਂ ਨਾਲੋਂ ਵੱਡੇ ਰੂਪ ਵਿੱਚ ਸਾਹਮਣੇ ਆਈ ਹੈ ਉੱਥੇ ਇਹ ਵੀ ਸਵਾਲ ਪੈਦਾ ਹੁੰਦਾ ਹੈ, ਕਿ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਿਸ ਅਹੁਦੇਦਾਰ ਨੂੰ ਟਿਕਟ ਮਿਲਣ ਦੀਆਂ ਸੰਭਾਵਨਾਵਾਂ ਹਨ ਅਤੇ ਕਿਸ ਨੂੰ ਚੁੱਪ ਚਾਪ ਘਰ ਬੈਠ ਜਾਣਾ ਚਾਹੀਦਾ ਹੈ। ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ ਵੱਲੋਂ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਮੌਕੇ ਕਰਾਏ ਸਮਾਗਮ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੋਏ, ਉੱਥੇ ਸੀਨੀਅਰ ਨੇਤਾਵਾਂ ਦਾ ਵੀ ਇੱਕ ਵੱਡਾ ਹਿੱਸਾ ਦੇਖਣ ਨੂੰ ਮਿਲਿਆ। ਦੂਸਰੇ ਪਾਸੇ ਆਤਮ ਨਗਰ ਦੇ ਹਲਕਾ ਇੰਚਾਰਜ ਜਗਬੀਰ ਸੋਖੀ ਵੱਲੋਂ ਆਪਣੇ ਦਫਤਰ ਵਿੱਚ ਇੱਕ ਖਨਦਾਨ ਕੈਂਪ ਰੱਖਿਆ ਗਿਆ ਸੀ, ਜਿਸ ਸਬੰਧੀ ਉਸੇ ਦਾ ਹੀ ਕਹਿਣਾ ਹੈ ਕਿ ਉਹਨਾਂ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਸ ਕੈਂਪ ਵਿੱਚ ਆਉਣ ਦਾ ਸੱਦਾ ਪੱਤਰ ਵੀ ਦਿੱਤਾ ਸੀ। ਪ੍ਰੰਤੂ ਬਾਦਲ ਗਾਬੜੀਆ ਵਾਲੇ ਸਮਾਗਮ ਵਿੱਚ ਤਾਂ ਗਹਿ ਗੱਡਵੀਂ ਹਾਜ਼ਰੀ ਲਗਵਾ ਗਏ ਅਤੇ ਸੋਖੀ ਦੇ ਕੈਂਪ ਵਿੱਚ ਨਾ ਜਾ ਕੇ ਇੱਕ ਇਸ਼ਾਰਾ ਕਰ ਦਿੱਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਕਿਹੜੇ ਉਮੀਦਵਾਰ 'ਤੇ ਦਾਅ ਖੇਡ ਸਕਦਾ ਹੈ।ਦਰਅਸਲ ਜਥੇਦਾਰ ਗਾਬੜੀਆ ਬਾਰੇ ਚਰਚਾ ਹੈ ਕਿ ਉਹ ਇਸ ਵਾਰ ਸ਼ਾਇਦ ਆਪ ਚੋਣ ਨਾ ਲੜਨ ਅਤੇ ਆਪਣੇ ਪੁੱਤਰ ਨੂੰ ਚੋਣ ਮੈਦਾਨ ਵਿੱਚ ਉਤਾਰਨ। ਉਹਨਾਂ ਦਾ ਪੁੱਤਰ ਇਸ ਹਲਕੇ ਵਿੱਚ ਪੈਂਦੇ ਇੱਕ ਵਾਰਡ ਵਿੱਚ ਦੂਸਰੀ ਵਾਰ ਦਾ ਕੌਂਸਲਰ ਹੈ। ਦੂਸਰੀ ਵਾਰ ਵੀ ਉਹ ਉਦੋਂ ਜਿੱਤ ਗਿਆ ਸੀ ਜਦੋਂ ਕਿ ਉਸ ਤੋਂ ਇਲਾਵਾ ਅਕਾਲੀ ਦਲ ਦਾ ਸ਼ਾਇਦ ਇੱਕ ਅੱਧਾ ਉਮੀਦਵਾਰ ਹੀ ਜਿੱਤਿਆ ਹੋਵੇਗਾ। ਗਾਬੜੀਆ ਦਾ ਇਸ ਹਲਕੇ ਵਿੱਚ ਆਪਣਾ ਪੁਰਾਣਾ ਆਧਾਰ ਹੈ। ਉਹ ਇੱਕ ਤੋਂ ਵੱਧ ਵਾਰ ਵਿਧਾਇਕ ਅਤੇ ਮੰਤਰੀ ਵੀ ਰਹਿ ਚੁੱਕੇ ਹਨ। ਦੂਸਰੇ ਪਾਸੇ ਸੋਖੀ ਇੱਕ ਵਾਰ ਕੌਂਸਲਰ ਰਹਿ ਚੁੱਕੇ ਹਨ। ਪ੍ਰੰਤੂ ਜਦੋਂ ਉਹਨਾਂ ਨੂੰ ਹਲਕਾ ਇੰਚਾਰਜ ਐਲਾਨਿਆ ਗਿਆ ਸੀ ਤਾਂ ਉਦੋਂ ਹੀ ਉਹਨਾਂ ਨੇ ਸੋਚ ਲਿਆ ਹੋਵੇਗਾ ਕਿ ਇਸ ਵਾਰ ਦੀ ਟਿਕਟ ਉਹਨਾਂ ਨੂੰ ਹੀ ਮਿਲੇਗੀ। ਕਿਉਂਕਿ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਜਿਸ ਉਮੀਦਵਾਰ ਨੂੰ ਪਾਰਟੀ ਨੇ ਟਿਕਟ ਦੇਣੀ ਹੁੰਦੀ ਹੈ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਉਸੇ ਨੂੰ ਹਲਕਾ ਇੰਚਾਰਜ ਬਣਾ ਦਿੱਤਾ ਜਾਂਦਾ ਹੈ। ਪ੍ਰੰਤੂ ਤਾਜ਼ਾ ਘਟਨਾਕ੍ਰਮ 'ਤੇ ਨਿਗਾਹ ਮਾਰੀ ਜਾਵੇ, ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ 2027 ਵਿੱਚ ਆਤਮ ਨਗਰ ਹਲਕੇ ਦੀ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਕਿਸ ਨੂੰ ਮਿਲਣ ਦੀ ਸੰਭਾਵਨਾ ਹੈ। ਜੇਕਰ ਬਾਦਲ ਸੋਖੀ ਦੇ ਸਮਾਗਮ ਵਿੱਚ ਹਾਜ਼ਰੀ ਲਗਾਉਣਾ ਵੀ ਜ਼ਰੂਰੀ ਨਹੀਂ ਸਮਝਦੇ ਤਾਂ ਕੀ ਅਜੇ ਵੀ ਸੋਖੀ ਨੂੰ ਟਿਕਟ ਦੀ ਝਾਕ ਰੱਖਣੀ ਚਾਹੀਦੀ ਹੈ ? ਇਹ ਸਵਾਲ ਇੱਥੋਂ ਦੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਹਲਕਾ ਆਤਮ ਨਗਰ ਵਿੱਚ ਭਾਜਪਾ ਖੇਡ ਸਕਦੀ ਹੈ 'ਰਾਮਗੜ੍ਹੀਆ' ਚਿਹਰੇ 'ਤੇ ਦਾਅ

ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ): ਜੇਕਰ ਵਿਧਾਨ ਸਭਾ ਹਲਕਾ ਆਤਮ ਨਗਰ ਵੱਲ ਦੇਖਿਆ ਜਾਵੇ, ਤਾਂ ਇਸ ਵਿੱਚ ਰਾਮਗੜ੍ਹੀਆ ਭਾਈਚਾਰੇ ਦੀ ਖਾਸੀ ਆਬਾਦੀ ਹੈ। ਇੱਥੇ ਬਹੁਤ ਸਾਰੀਆਂ ਛੋਟੀਆਂ ਛੋਟੀਆਂ ਫੈਕਟਰੀਆਂ ਵੀ ਇਸ ਭਾਈਚਾਰੇ ਨੇ ਲਗਾਈਆਂ ਹੋਈਆਂ ਹਨ। ਨਗਰ ਨਿਗਮ ਵਿਚ ਆਮ ਆਦਮੀ ਪਾਰਟੀ ਨੇ ਰਾਮਗੜ੍ਹੀਆ ਭਾਈਚਾਰੇ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਲਗਦੀ ਜਿਸ ਕਾਰਣ ਇਸ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਪਾਰਟੀ ਤੋਂ ਦੂਰ ਜਾ ਚੁੱਕਿਆ ਮਹਿਸੂਸ ਹੁੰਦਾ ਹੈ। ਇਸ ਮੌਕੇ ਦਾ ਫਾਇਦਾ ਭਾਰਤੀ ਜਨਤਾ ਪਾਰਟੀ ਉਠਾ ਸਕਦੀ ਹੈ। ਕਿਉਂਕਿ ਅਜਿਹੇ ਮੌਕਿਆਂ ਦਾ ਫਾਇਦਾ ਉਠਾਉਣ ਵਿੱਚ ਉਸਦਾ ਕੋਈ ਸਾਨੀ ਨਹੀਂ। ਜੇਕਰ ਭਾਜਪਾ ਇਸ ਹਲਕੇ ਵਿੱਚੋਂ ਕਿਸੇ ਰਾਮਗੜ੍ਹੀਆ ਭਾਈਚਾਰੇ ਨੂੰ ਟਿਕਟ ਦੇ ਕੇ ਨਿਵਾਜੇ ਤਾਂ ਉਸਨੂੰ ਵੱਡਾ ਫਾਇਦਾ ਹੋ ਸਕਦਾ ਹੈ। ਪ੍ਰੰਤੂ ਇਹ ਵੀ ਜਰੂਰੀ ਹੈ ਕਿ ਟਿਕਟ ਸਿਰਫ ਉਸੇ ਉਮੀਦਵਾਰ ਨੂੰ ਦਿੱਤੀ ਜਾਵੇ ਜੋ ਕਿ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਨਾਲ ਜੁੜਿਆ ਹੋਇਆ ਹੋਵੇ। ਜੇਕਰ ਇਸ ਹਲਕੇ ਵਿੱਚ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਿਤ ਵਿਅਕਤੀਆਂ ਦੀ ਗੱਲ ਕੀਤੀ ਜਾਵੇ, ਤਾਂ ਚਰਨਜੀਤ ਸਿੰਘ ਵਿਸ਼ਵਕਰਮਾ ਇੱਕ ਅਜਿਹੇ ਵਿਅਕਤੀ ਹਨ, ਜਿਹਨਾਂ 'ਤੇ ਦਾਅ ਖੇਡਣ ਬਾਰੇ ਭਾਜਪਾ ਸੋਚ ਸਕਦੀ ਹੈ। ਕਿਉਂਕਿ ਉਹ ਯੂਨਾਈਟਡ ਸਾਈਕਲ ਐਂਡ ਪਾਰਟਸ ਮੈਨੂ: ਐਸੋ: ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਕਈ ਸਮਾਜਿਕ ਜਥੇਬੰਦੀਆਂ ਨਾਲ ਜੁੜੇ ਹੋਏ ਵੀ ਹਨ। ਵਿਸ਼ਵਕਰਮਾ ਕਿਰਤੀ ਸਮਾਜ ਸਭਾ ਦੇ ਚੇਅਰਮੈਨ ਤੇ ਸਾਬਕਾ ਕੌਂਸਲਰ ਕੁਲਦੀਪ ਸਿੰਘ ਪਨੇਸਰ (ਬਿੱਟਾ) ਵੀ ਇੱਕ ਅਜਿਹੇ ਵਿਅਕਤੀ ਹਨ, ਜਿਹੜੇ ਕਿ ਇਸ ਹਲਕੇ ਦੇ ਕਈ ਵਾਰਡਾਂ ਵਿੱਚ ਜਾਣੀ ਪਹਿਚਾਣੀ ਸ਼ਖਸ਼ੀਅਤ ਕਹੇ ਜਾ ਸਕਦੇ ਹਨ। ਕੌਂਸਲਰ ਹੁੰਦਿਆਂ ਉਹਨਾਂ ਨੇ ਆਪਣੇ ਵਾਰਡ ਦੇ ਕੰਮਾਂ ਕਰਨ ਤੋਂ ਇਲਾਵਾ ਹੋਰਾਂ ਵਾਰਡਾਂ ਵਿੱਚ ਵੀ ਸੇਵਾ ਨਿਭਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਲੋਕਾਂ ਵਿੱਚ ਉਹਨਾਂ ਦਾ ਚੰਗਾ ਤਕੜਾ ਆਧਾਰ ਵੀ ਹੈ। ਨਗਰ ਨਿਗਮ ਲੁਧਿਆਣਾ ਦੇ ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ ਵੀ ਇਸੇ ਹਲਕੇ ਵਿੱਚ ਚੋਣ ਜਿੱਤ ਕੇ ਪਹਿਲਾਂ ਕੌਂਸਲਰ ਫੇਰ ਮੇਅਰ ਬਣੇ ਸਨ। ਉਹ ਅਕਾਲੀ ਸਫਾਂ ਵਿੱਚ ਇੱਕ ਜਾਣਿਆਂ ਪਹਿਚਾਣਿਆ ਨਾਂ ਹੈ। ਆਮ ਆਦਮੀ ਪਾਰਟੀ ਦੇ ਹਲਕਾ ਆਤਮ ਨਗਰ ਵਿੱਚ ਪੈਂਦੇ ਵਾਰਡ 41 ਦੇ ਕੌਂਸਲਰ ਪਰਮਿੰਦਰ ਸਿੰਘ ਸੋਮਾ ਹਲਕਾ ਦੱਖਣੀ ਤੋਂ ਵਿਧਾਨ ਸਭਾ ਦੀਆਂ ਚੋਣਾਂ ਲੜਨ ਦੀ ਗੱਲ ਆਖ ਰਹੇ ਹਨ। ਹੋ ਸਕਦਾ ਹੈ ਕਿ ਪਾਰਟੀ ਮੌਜੂਦਾ ਵਿਧਾਇਕਾ ਰਜਿੰਦਰ ਪਾਲ ਕੌਰ ਛੀਨਾ ਦੇ ਮੁਕਾਬਲੇ ਸੋਮਾ ਨੂੰ ਕੋਈ ਬਹੁਤੀ ਅਹਿਮੀਅਤ ਦੇਵੇਗੀ ਇਹ ਗੱਲ ਸੰਭਵ ਨਹੀਂ ਜਾਪਦੀ। ਅਜਿਹੇ ਵਿੱਚ ਭਾਜਪਾ ਸੋਚ ਸਕਦੀ ਹੈ ਕਿ ਕਿਉਂ ਨਾ ਉਸਨੂੰ ਹਲਕਾ ਆਤਮ ਨਗਰ ਵਿੱਚ ਉਤਾਰ ਦਿੱਤਾ ਜਾਵੇ ਜਿੱਥੇ ਕਿ ਉਹ ਕੌਂਸਲਰ ਵੀ ਹਨ। ਕੀ ਭਾਜਪਾ ਵਿਧਾਨ ਸਭਾ ਹਲਕਾ ਆਤਮ ਨਗਰ ਵਿੱਚ ਰਾਮਗੜ੍ਹੀਆ ਆਬਾਦੀ ਦੀ ਬਹੁਤਾਤ ਨੂੰ ਦੇਖਦੇ ਹੋਏ ਇਸ ਭਾਈਚਾਰੇ ਤੇ ਦਾਅ ਖੇਡੇਗੀ ਜਾਂ ਆਪਣੇ ਹੀ ਕਿਸੇ ਟਕਸਾਲੀ ਨੇਤਾ ਨੂੰ ਚੋਣ ਲੜਾਏਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰੰਤੂ ਇਲਾਕੇ ਵਿੱਚ ਚਰਚਾ ਹੈ ਕਿ ਜੇਕਰ ਰਾਮਗੜ੍ਹੀਆ ਭਾਈਚਾਰੇ 'ਤੇ ਦਾਅ ਖੇਲ੍ਹੇਗੀ ਤਾਂ ਉਹ ਘਾਟੇ ਵਿੱਚ ਨਹੀਂ ਰਹੇਗੀ।

ਕਿਰਨਦੀਪ ਕੌਰ ਨੇ ਬਾਰ੍ਹਵੀਂ 'ਚੋਂ 96.4 ਫ਼ੀਸਦੀ ਅੰਕ ਲੈ ਕੇ ਪਰਿਵਾਰ ਦਾ ਚਮਕਾਇਆ ਨਾਂ

ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਪੰਜਾਬ ਸਕੂਲ ਸਿਖਿਆ ਬੋਰਡ ਦੇ ਅੱਜ ਆਏ ਨਤੀਜਿਆਂ 'ਚ ਮਹਿਦੂਦਾਂ ਪਰਿਵਾਰ ਦੀ ਧੀ ਕਿਰਨਦੀਪ ਕੌਰ ਨਾਫਰੇ ਨੇ 482/500 (96.4%) ਅੰਕ ਪ੍ਰਾਪਤ ਕਰਕੇ ਜਿੱਥੇ ਮਹਿਦੂਦਾਂ ਪਰਿਵਾਰ ਦਾ ਨਾਮ ਚਮਕਾਇਆ ਉੱਥੇ ਹੀ ਅਪਣੇ ਬੀਸੀਐਮ ਸੀਨੀਅਰ ਸੈਕੰਡਰੀ ਸਕੂਲ ਦੇ ਨਾਮ ਨੂੰ ਵੀ ਚਾਰ ਚੰਨ ਲਾਏ। ਇਸ ਪ੍ਰਾਪਤੀ 'ਤੇ ਕਿਰਨਦੀਪ ਕੌਰ ਨਾਫਰੇ ਨੇ ਸਕੂਲ ਦੀ ਪ੍ਰਿੰਸੀਪਲ ਸਿੰਪਲ ਵਰਮਾ, ਸਾਬਕਾ ਪ੍ਰਿੰਸੀਪਲ ਨੀਰੂ ਕੌੜਾ ਅਤੇ ਕਲਾਸ ਇੰਚਾਰਜ ਸ਼ਿਲਪੀ ਗਾਂਧੀ ਦਾ ਧੰਨਵਾਦ ਕੀਤਾ ।ਜਮਾਤ ਦੀ ਪੰਜਾਬ 'ਚੋਂ ਅੱਵਲ ਰਹੀ ਸੁਹਾਨੀ ਚੌਹਾਨ ਨੂੰ ਵੱਡੀ ਪ੍ਰਾਪਤੀ ਉੱਤੇ ਵਧਾਈ ਦਿੱਤੀ। ਮੌਕੇ 'ਤੇ ਹਾਜ਼ਰ ਕਿਰਨਦੀਪ ਦੇ ਮਾਤਾ ਤੇ ਪਿਤਾ ਗੁਰਿੰਦਰ ਕੌਰ ਮਹਿਦੂਦਾਂ ਅਤੇ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਕਿਹਾ ਕਿ ਉਨ੍ਹਾਂ ਦੀ ਧੀ ਦਾ ਸੁਪਨਾ ਜੱਜ ਬਣਨ ਦਾ ਹੈ, ਜਿਸਨੂੰ ਪੂਰਾ ਕਰਨ ਲਈ ਅਸੀਂ ਹਰ ਵਾਹ ਲਗਾ ਦਿਆਂਗੇ। ਉਨ੍ਹਾਂ ਸਮੇਤ ਕਿਰਨਦੀਪ ਦੇ ਅਧਿਆਪਕਾਂ ਨੇ ਦੱਸਿਆ ਕਿ ਉਹ ਪੜ੍ਹਾਈ ਦੇ ਨਾਲ ਨਾਲ ਹੋਰਨਾਂ ਖੇਤਰਾਂ ਵਿੱਚ ਵੀ ਮੋਹਰੀ ਰਹੀ ਹੈ।

ਜ਼ਮੀਨਾਂ ਦੀਆਂ ਰਜਿਸਟਰੀਆਂ ਨਾ ਹੋਣ ਕਰਕੇ ਲੋਕਾਂ ਦਾ ਹੋ ਰਿਹੈ ਭਾਰੀ ਨੁਕਸਾਨ : ਪਵਨ ਦੀਵਾਨ

ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ): ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਐਨਓਸੀ ਅਤੇ ਹੋਰ ਕਾਰਨਾਂ ਦਾ ਹਵਾਲਾ ਦੇ ਕੇ ਜ਼ਮੀਨਾਂ ਦੀਆਂ ਰਜਿਸਟਰੀਆਂ ਨਾ ਹੋਣ ਕਰਕੇ ਲੋਕਾਂ ਨੂੰ ਹੋ ਰਹੀ ਭਾਰੀ ਪਰੇਸ਼ਾਨੀ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਜਿਸ ਕਾਰਨ ਆਮ ਲੋਕਾਂ ਤੇ ਬਿਜਨਸ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਸਬੰਧ ਵਿੱਚ ਸਥਾਨਕ ਸਰਾਭਾ ਨਗਰ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਸੀ।ਇਸ ਸਬੰਧੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਦੀਵਾਨ ਨੇ ਕਿਹਾ ਕਿ ਆਮ ਤੌਰ ਤੇ ਲੋਕ ਘਰੇਲੂ ਅਤੇ ਬਿਜ਼ਨਸ ਸਬੰਧੀ ਲੋੜਾਂ ਨੂੰ ਪੂਰਾ ਕਰਨ ਵਾਸਤੇ ਆਪਣੀ ਜਮੀਨ ਨੂੰ ਵੇਚਣਾ ਸਭ ਤੋਂ ਆਸਾਨ ਤਰੀਕਾ ਸਮਝਦੇ ਹਨ। ਲੇਕਿਨ ਸਰਕਾਰ ਦੀਆਂ ਨੀਤੀਆਂ ਕਾਰਨ ਲੋਕ ਆਪਣੀ ਲੋੜ ਨੂੰ ਪੂਰਾ ਨਹੀਂ ਕਰ ਸਕਦੇ ਹਨ। ਉਹਨਾਂ ਨੇ ਕਿਹਾ ਕਿ ਸਰਕਾਰੀ ਦਾਅਵਿਆਂ ਦੇ ਬਾਵਜੂਦ ਹਾਲਾਤਾਂ ਵਿੱਚ ਕੋਈ ਸੁਧਾਰ ਨਹੀਂ ਆਇਆ ਹੈ।

ਦੀਵਾਨ ਨੇ ਖੁਲਾਸਾ ਕੀਤਾ ਕਿ ਉਹਨਾਂ ਨੂੰ ਕਈ ਲੋਕਾਂ ਤੋਂ ਸੰਦੇਸ਼ ਆ ਰਹੇ ਹਨ, ਜਿਨਾਂ ਨੂੰ ਪੈਸੇ ਦੀ ਲੋੜ ਹੈ, ਲੇਕਿਨ ਆਪਣੀ ਜਮੀਨ ਨਹੀਂ ਵੇਚ ਪਾ ਰਹੇ। ਦੀਵਾਨ ਨੇ ਜ਼ੋਰ ਦਿੰਦਿਆਂ, ਕਿਹਾ ਕਿ ਲੋਕ ਜ਼ਮੀਨ ਇਸ ਲਈ ਖਰੀਦੇ ਹਨ ਕਿ ਲੋੜ ਪੈਣ ਤੇ ਉਸਨੂੰ ਵੇਚਿਆ ਜਾ ਸਕੇ, ਲੇਕਿਨ ਮੌਜੂਦਾ ਸਰਕਾਰ ਨੇ ਲੋਕਾਂ ਵਧੀਆ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ ਹੈ। ਹਾਲਾਤ ਇਨੇ ਵਿਗੜ ਚੁੱਕੇ ਹਨ ਕਿ ਕਈ ਲੋਕਾਂ ਵੱਲੋਂ ਖੁਦਕੁਸ਼ੀ ਕਰਨ ਦੀਆਂ ਖਬਰਾਂ ਵੀ ਸਾਹਮਣੇ ਆਈਆਂ ਹਨ। ਦੀਵਾਨ ਨੇ ਕਿਹਾ ਕਿ ਇਹ ਸਰਕਾਰ ਦੀਆਂ ਨੀਤੀਆਂ ਤੋਂ ਸਮਾਜ ਦਾ ਹਰ ਵਰਗ ਦੁਖੀ ਹੈ। ਉਹਨਾਂ ਨੇ ਕਿਹਾ ਕਿ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ, ਤਾਂ ਜੋ ਆਮ ਆਦਮੀ ਪਾਰਟੀ ਨੂੰ ਸੱਤਾ ਤੋਂ ਬਾਹਰ ਕੀਤਾ ਜਾ ਸਕੇ। ਇਸ ਮੌਕੇ ਇੰਦਰਜੀਤ ਕਪੂਰ, ਕੁਲਬੀਰ ਸਿੰਘ ਨੀਟਾ, ਬ੍ਰਿਜਮੋਹਨ ਕਾਲੀਆ, ਧਰਮਿੰਦਰ ਵਰਮਾ, ਰੋਹਿਤ ਪਾਹਵਾ, ਜਸਵਿੰਦਰ ਸਿੰਘ ਓਸਾਹਨ, ਸੁਨੀਲ ਸਹਿਗਲ, ਬਲਜੀਤ ਅਹੂਜਾ, ਹਰਭਗਤ ਗਰੇਵਾਲ, ਅਸ਼ਵਨੀ ਜੈਨ, ਅਜੇ ਗੁਪਤਾ, ਹੇਮੰਤ ਮਹਾਜਨ, ਹੈਪੀ ਕਪੂਰ, ਸਤੀਸ਼ ਗਰਗ, ਵਰੁਣ ਸ਼ਰਮਾ, ਸੋਨੂੰ ਛੀਬਾ

ਪੰਜਾਬ ਵਿੱਚ ਸਫਾਈ ਕਰਮਚਾਰੀਆਂ ਦੀ ਹੜਤਾਲ ਨਾਲ ਹਾਲਾਤ ਬਿਗੜੇ, ਭਾਜਪਾ ਨੇ ਮਾਨ ਸਰਕਾਰ ਨੂੰ ਘੇਰਿਆ

ਮੋਗਾ, 14 ਮਈ ਪੰਜਾਬ ਭਰ ਵਿੱਚ ਸਫ਼ਾਈ ਕਰਮਚਾਰੀਆਂ ਦੀ ਜਾਰੀ ਹੜਤਾਲ ਹੁਣ ਵੱਡੇ ਜਨਸੰਕਟ ਦਾ ਰੂਪ ਧਾਰ ਰਹੀ ਹੈ। ਸ਼ਹਿਰਾਂ ਅਤੇ ਕਸਬਿਆਂ ਵਿੱਚ ਥਾਂ-ਥਾਂ ਕੂੜੇ ਦੇ ਢੇਰ ਲੱਗ ਰਹੇ ਹਨ, ਜਿਸ ਨਾਲ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਸਲੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ ਅਤੇ ਸਫਾਈ ਕਰਮਚਾਰੀਆਂ ਦੀ ਹੜਤਾਲ ਦਾ ਸਮਰਥਨ ਕੀਤਾ ਹੈ। ਡਾ. ਹਰਜੋਤ ਕਮਲ ਨੇ ਕਿਹਾ ਕਿ ਪੰਜਾਬ ਵਿੱਚ ਚੱਲ ਰਹੀ ਸਫਾਈ ਕਰਮਚਾਰੀਆਂ ਦੀ ਹੜਤਾਲ ਸਿਰਫ਼ ਕਰਮਚਾਰੀਆਂ ਦਾ ਅੰਦੋਲਨ ਨਹੀਂ, ਸਗੋਂ ਭਗਵੰਤ ਮਾਨ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਅਤੇ ਪ੍ਰਸ਼ਾਸਨਿਕ ਨਾਕਾਮੀ ਦਾ ਨਤੀਜਾ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰ ਨੇ ਚੋਣਾਂ ਅਤੇ ਵੱਖ-ਵੱਖ ਮੀਟਿੰਗਾਂ ਦੌਰਾਨ ਸਫਾਈ ਕਰਮਚਾਰੀਆਂ ਨਾਲ ਕਈ ਵਾਅਦੇ ਕੀਤੇ ਸਨ, ਪਰ ਉਹ ਪੂਰੇ ਨਹੀਂ ਕੀਤੇ ਗਏ। ਇਸ ਕਰਕੇ ਅੱਜ ਕਰਮਚਾਰੀ ਸੜਕਾਂ 'ਤੇ ਉਤਰਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਹੜਤਾਲ ਕਾਰਨ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਸਫਾਈ ਪ੍ਰਣਾਲੀ ਪੂਰੀ ਤਰ੍ਹਾਂ ਚਰਮਰਾ ਗਈ ਹੈ। ਗਲੀਆਂ,

ਬਾਜ਼ਾਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਕੂੜੇ ਦੇ ਢੇਰ ਲੱਗੇ ਹੋਏ ਹਨ, ਜਿਸ ਨਾਲ ਬਿਮਾਰੀਆਂ ਫੈਲਣ ਦਾ ਖ਼ਤਰਾ ਵੱਧ ਗਿਆ ਹੈ। ਸਭ ਤੋਂ ਵੱਧ ਪਰੇਸ਼ਾਨੀ ਆਮ ਜਨਤਾ ਨੂੰ ਝੱਲਣੀ ਪੈ ਰਹੀ ਹੈ, ਪਰ ਸਰਕਾਰ ਇਸ ਗੰਭੀਰ ਸਥਿਤੀ ਪ੍ਰਤੀ ਪੂਰੀ ਤਰ੍ਹਾਂ ਉਦਾਸੀਨ ਦਿਖਾਈ ਦੇ ਰਹੀ ਹੈ। ਭਾਜਪਾ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੇ ਹੜਤਾਲ ਖ਼ਤਮ ਕਰਵਾਉਣ ਲਈ ਕੋਈ ਗੰਭੀਰ ਕੋਸ਼ਿਸ਼ ਨਹੀਂ ਕੀਤੀ। ਨਾ ਹੀ ਸਫਾਈ ਕਰਮਚਾਰੀਆਂ ਦੇ ਪ੍ਰਤਿਨਿਧੀਆਂ ਨਾਲ ਪ੍ਰਭਾਵਸ਼ਾਲੀ ਗੱਲਬਾਤ ਸ਼ੁਰੂ ਕੀਤੀ ਗਈ ਹੈ ਅਤੇ ਨਾ ਹੀ ਕੋਈ ਵਿਕਲਪਿਕ ਪ੍ਰਬੰਧ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਸਮੇਂ ਸਿਰ ਕਰਮਚਾਰੀਆਂ ਦੀਆਂ ਮੰਗਾਂ 'ਤੇ ਧਿਆਨ ਦਿੰਦੀ ਤਾਂ ਅੱਜ ਪੰਜਾਬ ਦੇ ਲੋਕਾਂ ਨੂੰ ਇਸ ਹਾਲਾਤ ਦਾ ਸਾਹਮਣਾ ਨਾ ਕਰਨਾ ਪੈਂਦਾ। ਡਾ. ਹਰਜੋਤ ਕਮਲ ਨੇ ਕਿਹਾ ਕਿ ਸਫਾਈ ਕਰਮਚਾਰੀ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ। ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨਾ, ਤਨਖ਼ਾਹ ਸੰਬੰਧੀ ਗ਼ਲਤਫ਼ਹਿਮੀਆਂ ਦੂਰ ਕਰਨਾ, ਠੇਕਾ ਪ੍ਰਣਾਲੀ ਖ਼ਤਮ ਕਰਨੀ, ਸੁਰੱਖਿਆ ਸਾਜ਼ੋ-ਸਾਮਾਨ ਉਪਲਬਧ ਕਰਵਾਉਣਾ ਅਤੇ ਲੰਬਿਤ ਮੰਗਾਂ ਨੂੰ ਲਾਗੂ ਕਰਨਾ ਸ਼ਾਮਲ ਹੈ। ਪਰ ਸਰਕਾਰ ਵੱਲੋਂ ਵਾਰ-ਵਾਰ ਭਰੋਸੇ ਦੇਣ ਦੇ ਬਾਵਜੂਦ ਕੋਈ ਹੱਲ ਨਹੀਂ ਕੱਢਿਆ ਗਿਆ।

ਉਨ੍ਹਾਂ ਕਿਹਾ ਕਿ ਹੁਣ ਹਾਲਾਤ ਇਹ ਬਣ ਚੁੱਕੇ ਹਨ ਕਿ ਸਿਰਫ਼ ਸਫਾਈ ਕਰਮਚਾਰੀ ਹੀ ਨਹੀਂ, ਸਗੋਂ ਪੰਜਾਬ ਦਾ ਲਗਭਗ ਹਰ ਵਰਗ ਸਰਕਾਰ ਤੋਂ ਨਿਰਾਸ਼ ਹੈ। ਕਿਸਾਨਾਂ, ਕਰਮਚਾਰੀਆਂ, ਵਪਾਰੀਆਂ ਅਤੇ ਨੌਜਵਾਨਾਂ ਤੋਂ ਬਾਅਦ ਹੁਣ ਸਫਾਈ ਕਰਮਚਾਰੀ ਵੀ ਸਰਕਾਰ ਦੇ ਖ਼ਿਲਾਫ਼ ਅੰਦੋਲਨ ਕਰਨ ਲਈ ਮਜਬੂਰ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਪ੍ਰਤੀ ਭਰੋਸਾ ਖ਼ਤਮ ਹੋਣ ਕਾਰਨ ਕੋਈ ਵੀ ਕਰਮਚਾਰੀ ਸੰਘ ਸਰਕਾਰ ਦੀ ਗੱਲ ਮੰਨਣ ਲਈ ਤਿਆਰ ਨਹੀਂ।

ਭਾਜਪਾ ਨੇਤਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਤੁਰੰਤ ਸਫਾਈ ਕਰਮਚਾਰੀਆਂ ਦੇ ਪ੍ਰਤਿਨਿਧੀਆਂ ਨਾਲ ਗੱਲਬਾਤ ਕਰਕੇ ਹੱਲ ਕੱਢਣਾ ਚਾਹੀਦਾ ਹੈ, ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ ਅਤੇ ਸ਼ਹਿਰਾਂ ਦੀ ਸਫਾਈ ਪ੍ਰਣਾਲੀ ਮੁੜ ਪਟੜੀ 'ਤੇ ਆ ਸਕੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਜਲਦੀ ਹੱਲ ਨਾ ਕੱਢਿਆ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਹਾਲਾਤ ਹੋਰ ਵੀ ਗੰਭੀਰ ਹੋ ਸਕਦੇ ਹਨ।

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In The Court of Ms. Raminder Kaur
Civil Judge Jr. Div.,Chandigarh
CNR NO. CHCH02-002338-2025
Next Date: 07.08.2026
Sanjay Brar
Versus
B S Sawhney
Notice to: B S Sawhney Father::-Lt Sh Hari Chand Sawhney H.No 77 Sector 27 A Chandigarh IInd Add H No 862 Sector 7 Panchkula Haryana 2 Surjit Kaur Sawney W/O Sh Bs Sawney
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 07.08.2026 at 10:00 A.M.
For details logon to https://highcourtchd.gov.in/?trs=district_notice &district=Chandigarh
Dated this day of 22-04-2026
Sd/- Civil Judge Jr. Div.,Chandigarh

(U/o 5 Rule 20 CPC)
In The Court of Sh. Palwinder Singh
Additional Civil Judge (Senior Division), Ajnala
CNR No.PBASA0-000063-2026
Next Date: 29.05.2026
Soma Devi
Versus
General Public
Notice to: General Public:- General Public
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 29.05.2026 at 10:00 am.
For details logon to https://highcourtchd.gov.in/?trs=district_notice&district=Amritsar
Dated this day of 15.04.2026
Sd/- Additional Civil Judge (Senior Division), Ajnala

(U/o 5 Rule 20 CPC)
(Succession Case)
In The Court of Dr. Sushil Bodh Corporation Court/Municipal Magistrate, Jalandhar
CNR No.PBJL02-005734-2022
Next Date: 30.05.2026
Jarnail Singh
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**05.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 07-04-2026
Sd/- Corporation Court/ Municipal Magistrate, Jalandhar

(U/o 5 Rule 20 CPC)
In The Court of MS. Neha Goel Civil Judge Senior Division, Ferozepur
CNR No.PBFZ02-004000-2025
Next Date: 29.05.2026
CS-1882-2025
Canara Bank
Versus
Balvir Singh
Mortgage Suit For Recovery 2,30,259/-
Notice to: Defendant No.1. Balvir Singh Son Of Chanan Singh Through His Legal Heirs Namely:- (1) Amarjit Kaur Wife Of Late Balvir Singh Son Of Chanan Singh, Resident Of Village Habib Wala, Tehsil And District Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-05-2026
Sd/- Civil Judge Senior Division, Ferozepur

(U/o 5 Rule 20 CPC)
In The Court of Sh. Sandeep Kumar Singla
Principal Judge Family Court, Rajpura
CNR No.PBPTF2-000305-2025
Next Date: 29.05.2026
MNT125-49/2025
Gurpreet Singh
Versus
Gurjeet Kaur
Notice to: Gurpreet Singh S/O Parkash Singh, R/O H.No. 231, State Enclave, Focal Point, Rajpura, Tehsil Rajpura, District Patiala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**02.2026 at 10:00 A.M.
For details logon to https://highcourtchd.gov.in/?mod=district_notice&district=patiala
Dated, this day of 20-02-2026
Sd/- Principal Judge Family Court, Rajpura

(U/o 5 Rule 20 CPC)
In The Court of Ms. Navjot Kaur Civil Judge (Junior Division), Talwandi Sabo
CNR No.PBBTA0-001575-2025
Next Date: 29.05.2026
CS-982-2025
Harbans Singh
Versus
Punjab State Power Corporation Ltd. Etc.
Notice to: General Public:- GP
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2026 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 21-04-2026
Sd/- Civil Judge (Junior Division), Talwandi Sabo

(U/o 5 Rule 20 CPC)
In The Court of Sh. Kanwal Jit Singh
Civil Judge Junior Division-1 Rajpura,
CNR No.PBPTA0-000215-2023
Next Date: 30.05.2026
Paramjeet Singh
Versus
Karamjeet Singh
Execution Petition
Notice to: 4. Sarabhjeet Singh S/O Gurbax Singh Now Deceased His Lrs A) Kiran (Wife) B) Gurjodh (Son) C) Tarun (Daughter) H.No. B-1/465, Chajju Majri Near Mayur Hotel, Old Rajpura, Tehsil Rajpura, Distt. Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**05.2026 at 10:00 A.M.
For details logon to https://highcourtchd.gov.in/?mod=district_notice&district=patiala
Dated, this day of 05-05-2026
Sd/- Civil Judge Junior Division-1 Rajpura,

In The Court of Ms. Samiksha Jain Judicial Magistrate First Class-17, Jalandhar
CNR NO. PBJL03-031337-2024
Next Date: 30.05.2026
COMA/27056/2024
Cholamandalam Investment and Finance co. Ltd
Versus
Varinder Kumar
Notice to: Varinder Kumar Father:- Rajinder Kumar Ward No-8, Tikhowal Mukerian, Hoshiarpur, Punjab 144211and Rvm Fruit Shop C/O Satish Kumar, Talwara Road, Opp. Jain Tv Centre, Near Sabzi Mandi, Mukerian.
In above titled case the accused that accused should appear in person or through counsel on 30.05.2026 at 10:00 A.M.
for details logon to https://highcourtchd.gov.in/?mod=district_notice &district=Jalandhar
Dated this day of 17-04-2026
Sd/- Judicial Magistrate First Class-17, Jalandhar

(U/o 5 Rule 20 CPC)
In The Court of Ms. Pratima Arora Additional District and Sessions Judge, Rupnagar
CNR No.PBRO01-002102-2025
Next Date: 25.05.2026
Kulwant Singh
Versus
Sajjan Singh
Notice to: Sajjan Singh Son Of Rai Singh Saini Through Lr No. (Iii) Harwinder Singh Son Of Sajjan Singh Lr No. (Iv) Baljinder Singh Son Of Sajjan Singh All Residents Of Bhairo Majra Tehsil Chamkaur Sahib Chamkaur Sahib District Ropar
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 25.05.2026 at 10:00 am.
For details logon to https://highcourtchd.gov.in/?mod=district_notice&district=Rupnagar
Dated this day of 12.05.2026
Sd/- Additional District and Sessions Judge, Rupnagar

In The Court of Ms. Lavleen Sandhu
Judicial Magistrate First Class-3, Moga
CNR No.PBMO03-002514-2024
Next Date: 08.06.2026
Gurwinder Singh
Versus
Sardool Singh
Notice to: 1. Sardool Singh Father:- Mangal Singh R/O House No.3154-FF, Pink Road Society, Sector 49-D, Chandigarh And Also Residing At Sardar Mangal Singh Di Kothi, Mohalla Lali Shah, District Tarn- Taran. 2.Kamaljeet Kaur spouse Sardool Singh S/o Mangal Singh R/O House No.3154-FF, Pink Road Society, Sector 49-D, Chandigarh And Also Residing At Sardar Mangal Singh Di Kothi, Mohalla Lali Shah, District Tarn-Taran.
In above titled case the accused could not be served. It is ordered that accused should appear in person or through counsel on **08.**06.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-05-2026
Sd/- Judicial Magistrate First Class-3, Moga

(U/o 5 Rule 20 CPC)
In The Court of Ms. Navreet Kaur Additional Civil Judge (Senior Division), Dera Bassi
CNR No.PBSAB0-000739-2026
Next Date: 04.07.2026
GW/17/2026
Surjeet Singh S/O Sant Ram R/O Village Gullana, Po Tullah, Tehsil Lad Bharol, Gulanna (210), Mandi, Himachal Pradesh
Versus
General Public
Petition U/S 8 Of The Hindu Minority And Guardianship Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.**07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-05-2026
Sd/- Additional Civil Judge (Senior Division), Dera Bassi

(U/o 5 Rule 20 CPC)
In The Court of Ms. Shaweta Civil Judge Junior Division-2 Samana, Samana
CNR No.PBPTC0-000908-2017
Next Date: 26.05.2026
Satnam Singh
Versus
Gulab Singh
Notice to: 68. Ladi Ram S/O Dhaja Ram 75. Megh Singh S/O Tarlok Singh S/O Tara Singh 77. A.K. Enterprises, Deogarh, Through Its Partners Reeta Devi D/O Kapoor Chand S/O Raja Ram A 78. Balwant Singh S/O Gurcharan Singh S/O Isher Singh 79. Pawan Kumar S/O Sohan Lal Dm 80. Nirmala Devi W/O Suresh Kumar 2022.85. Krishan Chand S/O Bachna Ram 86. Balkar Singh S/O Mangal Singh 87. Anil Kumar S/O Ram Sarup S/O Birbal Dass 88. Rajinder Kaur W/O Gurcharan Singh 89. Gurdeep Singh S/O Prem Singh 90. Mani Ram S/O Ram Chand 91. Mohan S/O Harnek Singh 92. Sheesh Pal S/O Babu Ram S/O Ganesha Ram 93. Ved Parkash S/O Chet Ram 94. Hardeep Singh S/O Kehar Singh S/O Sama Singh 95. Joginder Singh S/O Sham Singh 96. Vinod Kumar S/O Ramphal S/O Lachhman Dass 97. Sagar S/O Ramphal S/O Lachhman Dass 98. Tarsem Chand S/O Amar Nath S/O Ruldu 100. Nishan Singh S/O Dalip Singh 101. Mukhtiar Singh S/O Leelu Ram 102. Des Ram S/O Chet Ram 104. Babli S/O Karnail Singh S/O Kartar Singh 105. Gopal S/O Makhan Lal S/O Piara Lal 106. Gobind S/O Makhan Lal S/O Piara Lal 107. Dharam Kaur W/O Kuldeep Singh S/O Charan Singh 108. Hardeep Singh S/O Sukhwinder Singh S/O Khera Singh 109. Anoop Tiwari D/O Ranjit Singh Tiwari 110. Janeshar Kumar S/O Khem Chand 111. Surjit Singh S/O Dalip Singh S/O Sodha Singh 112. Shakuntala Devi W/O Balinder Singh S/O Balwant Singh 113. Gurdeep Kaur W/O Santokh Singh S/O Fauja Singh Village Deogarh Tehsil Patran District Patiala Now r/o Kanda Basti Patran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **26.**05.2026 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 13-05-2026
Sd/- Civil Judge Junior Division-2 Samana, Samana

(U/o 5 Rule 20 CPC)
In The Court of Hon'ble Divyani Luthra
Civil Judge (Junior Division), Dasuya
CNR No.PBHOA0-000099-2025
Next Date: 27.05.2026
CS/69/2025
Gulshan Kumar
Versus
Balwinder Singh
Notice to: Def.No.3.Baldev Singh S/O Partap Singh Def No.4 Ram Piari D/O Partap Chand S/O Surjan Singh R/o Vill Sehjowal, Tehsil Dasuya Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**05.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 07-05-2026
Sd/- Civil Judge (Junior Division), Dasuya

(U/o 5 Rule 20 CPC)
In The Court of Ms. Mandeep Kaur Civil Judge (Junior Division), Dasuya
CNR NO. PBHOA0-000255-2026
Next Date: 27.05.2026
Kulwinder Kaur
Versus
General Public and others
Notice to: General Public General Public
In above titled case the defendant(s)/respondent(s) that defendant(s)/respondent(s) should appear in person or through counsel on 27.05.2026 at 10:00 A.M.
for details logon to https://highcourtchd.gov.in/?mod=district_notice &district=Hoshiarpur
Dated this day of 04-05-2026
Sd/- Civil Judge (Junior Division), Dasuya

(U/o 5 Rule 20 CPC)
In The Court of Ms. Amanpreet Kaur-1
Civil Judge Junior Division-14, Patiala
CNR No.PBPT02-002366-2024
Next Date: 29.05.2026
Ramesh Chand
Versus
Dharminder Kumar
Notice to: 1. Dharminder Kumar Son Of Yashodhar Prasad, 2. Neelam Rani Wife Of Dharminder Kumar Both Residents Of Hno 113. Indira Colony. Sirhind Road, Patiala
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 29.05.2026 at 10:00 am.
For details logon to https://highcourtchd.gov.in/?mod=district_notice&district=patiala
Dated this day of 11.05.2026
Sd/- Civil Judge Junior Division-14, Patiala

ਖੁੱਲ੍ਹੀ ਬੋਲੀ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੇਡਵਾਲ (ਪਟਿਆਲਾ) ਵਿਖੇ 19 (ਉੱਨੀ) ਸੁੱਕੇ ਹੋਏ ਸਫੈਦਿਆਂ ਦੀ ਖੁੱਲ੍ਹੀ ਬੋਲੀ ਮਿਤੀ 18.05.2026 ਦਿਨ ਸੋਮਵਾਰ ਨੂੰ ਸਵੇਰੇ 10:00 ਵਜੇ ਕਰਵਾਈ ਜਾਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਸਕੂਲ ਮੈਨੇਜਮੈਂਟ ਕਮੇਟੀ
ਸ.ਸ.ਸ.ਸ. ਭੇਡਵਾਲ
(ਪਟਿਆਲਾ)
ਮੋ: 96460-10934

ਬੇਦਖਲੀ ਸੂਚਨਾ

ਮੈਂ, ਨਛੱਤਰ ਸਿੰਘ ਪੁੱਤਰ ਸ਼੍ਰੀ ਅਰਜਨ ਸਿੰਘ ਵਾਸੀ ਪਿੰਡ ਕੁਲੇ ਮਾਜਰਾ ਤਹਿ: ਵਾ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਜੈ ਕੁਮਾਰ ਅਤੇ ਇਸਦੀ ਪਤਨੀ ਰਜਿੰਦਰ ਕੁਮਾਰੀ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਵਿਜੈ ਕੁਮਾਰ ਅਤੇ ਇਸਦੀ ਪਤਨੀ ਰਜਿੰਦਰ ਕੁਮਾਰੀ ਨੂੰ ਆਪਣੀ ਹਰ ਕਿਸਮ ਦੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਹੁਣ ਮੇਰੇ ਲੜਕੇ ਅਤੇ ਇਸਦੀ ਪਤਨੀ ਨਾਲ ਕੋਈ ਤਾਲੁਕ ਜਾਂ ਵਾਸਤਾ ਨਹੀਂ ਹੈ। ਇਹ ਆਪਣੇ ਲੈਣ ਦੇਣ ਦੇ ਖੁਦ ਜ਼ਿੰਮੇਵਾਰ ਹੋਣਗੇ।

ਛੱਪੜ ਦੀ ਬੋਲੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਲਾਕ ਝੁਨੀਰ (ਮਾਨਸਾ) ਦੇ ਪਿੰਡ ਮੀਆਂ ਦੇ ਇੱਕ ਛੱਪੜ (5 ਏਕੜ) ਦੀ ਖੁੱਲ੍ਹੀ ਬੋਲੀ ਮਿਤੀ 21/05/2026 ਦਿਨ ਵੀਰਵਾਰ ਨੂੰ ਪੰਚਾਇਤੀ ਘਰ ਵਿਖੇ ਸਵੇਰੇ 11 ਵਜੇ ਰੱਖੀ ਗਈ ਹੈ ਬੋਲੀ ਵਿੱਚ ਹਿੱਸਾ ਲੈਣ ਵਾਲੇ ਵਿਅਕਤੀਆਂ ਤੋਂ ਪਹਿਲਾਂ 10 ਹਜਾਰ ਰੁਪਏ ਸਿਕਿਉਰਟੀ ਲਈ ਜਾਵੇਗੀ ਅਤੇ ਬਾਕੀ ਬੋਲੀ ਦੀਆ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ ਬੋਲੀ ਦੇਣ ਦੇ ਚਾਹਵਾਨ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ !

ਸੰਪਰਕ: ਸਰਪੰਚ ਜਸਵੀਰ ਕੌਰ
78377 60858,7009244518

ਨਗਰ ਕੌਂਸਲ ਚੋਣਾਂ ਵਿੱਚ ਮਸੀਹ ਭਾਈਚਾਰਾ ਨਿਭਾਏਗਾ ਅਹਿਮ ਭੂਮਿਕਾ : ਲਵਲੀ ਰੰਧਾਵਾ

ਧਾਰੀਵਾਲ, 14 ਮਈ (ਅਸ਼ੋਕ ਕੁਮਾਰ) ਨਗਰ ਕੌਂਸਲ ਚੋਣਾਂ ਵਿੱਚ ਮਸੀਹ ਭਾਈਚਾਰਾ ਅਹਿਮ ਭੂਮਿਕਾ ਨਿਭਾਏਗਾ। ਇਹ ਪ੍ਰਗਟਾਵਾ ਧਾਰੀਵਾਲ ਦੇ ਨੌਜਵਾਨ ਕ੍ਰਿਸਚਨ ਆਗੂ ਅਤੇ ਆਮ ਆਦਮੀ ਪਾਰਟੀ ਹਲਕਾ ਕਾਦੀਆਂ ਦੇ ਸੋਸ਼ਲ ਮੀਡੀਆ ਇੰਚਾਰਜ ਲਵਲੀ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਲਵਲੀ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਰਦਾਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਹਲਕਾ ਕਾਦੀਆਂ ਅੰਦਰ ਪੈਂਦੀਆਂ ਨਗਰ ਕੌਂਸਲਾਂ ਧਾਰੀਵਾਲ ਅਤੇ ਕਾਦੀਆਂ ਦੀਆਂ ਚੋਣਾਂ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵਰਕਰ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਸੀਹ ਭਾਈਚਾਰੇ ਵੱਲੋਂ ਆਮ ਆਦਮੀ ਪਾਰਟੀ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਚੋਣਾਂ ਵਿੱਚ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਰੰਧਾਵਾ ਨੇ ਕਿਹਾ ਕਿ ਪਾਰਟੀ ਦੀ ਨੀਤੀ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਦੀ ਹੈ ਅਤੇ ਲੋਕਾਂ ਨੂੰ ਵਿਕਾਸ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਪਾਰਟੀ ਵਚਨਬੱਧ ਹੈ।

ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਮੋਗਾ ਵਿੱਚ ਕੂੜੇ ਦੇ ਲੱਗੇ ਢੇਰ, ਬਿਮਾਰੀਆਂ ਫੈਲਣ ਦਾ ਖਤਰਾ ਵਧਿਆ

ਮੋਗਾ, 14 ਮਈ (ਨਿਸ਼ੀ ਮਨਚੰਦਾ) ਸ਼ਹਿਰ ਵਿੱਚ ਸਫਾਈ ਕਰਮਚਾਰੀਆਂ ਦੀ ਲਗਾਤਾਰ ਚੱਲ ਰਹੀ ਹੜਤਾਲ ਕਾਰਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਕੂੜੇ ਦੇ ਵੱਡੇ ਵੱਡੇ ਢੇਰ ਲੱਗਣ ਸ਼ੁਰੂ ਹੋ ਗਏ ਹਨ। ਗਲੀਆਂ, ਮੁਹੱਲਿਆਂ ਅਤੇ ਮੁੱਖ ਸੜਕਾਂ ਦੇ ਕਿਨਾਰਿਆਂ 'ਤੇ ਪਿਆ ਕੂੜਾ ਨਾ ਸਿਰਫ਼ ਸ਼ਹਿਰ ਦੀ ਸੋਭਾ ਨੂੰ ਖਰਾਬ ਕਰ ਰਿਹਾ ਹੈ, ਸਗੋਂ ਲੋਕਾਂ ਦੀ ਸਿਹਤ ਲਈ ਵੀ ਗੰਭੀਰ ਖਤਰਾ ਬਣਦਾ ਜਾ ਰਿਹਾ ਹੈ।ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਕਈ ਦਿਨਾਂ ਤੋਂ ਕੂੜਾ ਨਾ ਚੁੱਕੇ ਜਾਣ ਕਾਰਨ ਬਦਬੂ ਫੈਲ ਰਹੀ ਹੈ ਅਤੇ ਮੱਖੀਆਂ, ਮੱਛਰਾਂ ਅਤੇ ਆਵਾਰਾ ਪਸ਼ੂਆਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਰਿਹਾ ਹੈ।

ਲੋਕਾਂ ਨੂੰ ਡਰ ਹੈ ਕਿ ਜੇਕਰ ਜਲਦ ਹੀ ਇਸ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਗਰਮੀ ਦੇ ਮੌਸਮ ਵਿੱਚ ਕੋਈ ਵੱਡੀ ਬਿਮਾਰੀ ਜਾਂ ਮਹਾਂਮਾਰੀ ਫੈਲ ਸਕਦੀ ਹੈ। ਖਾਸ ਤੌਰ ਤੇ ਮੋਗਾ ਦੇ ਸੇਖ ਵਾਲਾ ਚੌਂਕ, ਅੰਮ੍ਰਿਤਸਰ ਰੋਡ, ਮੇਨ ਬਾਜ਼ਾਰ ਵਿੱਚ ਇੰਨਾ ਜਿਆਦਾ ਕੜੇ ਦੇ ਢੇਰ ਲੱਗੇ ਹਨ। ਕਿ ਉਥੋਂ ਨਿਕਲਣਾ ਵੀ ਔਖਾ ਹੋ ਗਿਆ ਹੈ ਅਤੇ ਉੱਥੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਕੂੜੇ ਦੀ ਬਦਬੋ ਕਾਰਨ ਕੋਈ ਵੀ ਗਾਹਕ ਨਹੀਂ ਆ ਰਿਹਾ। ਕੰਮ ਕਾਰ ਸਾਰੇ ਠੱਪ ਹੋਏ ਪਏ ਹਨ।ਸਥਾਨਕ ਲੋਕਾਂ ਨੇ ਦੱਸਿਆ ਕਿ ਬਾਜ਼ਾਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਗੰਦਗੀ ਦੇ ਹਾਲਾਤ ਬਹੁਤ ਹੀ ਮਾੜੇ ਬਣੇ ਹੋਏ ਹਨ। ਕੂੜੇ ਦੇ ਢੇਰਾਂ ਕਾਰਨ ਰਾਹਗੀਰਾਂ ਅਤੇ ਦੁਕਾਨਦਾਰਾਂ ਨੂੰ ਵੀ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਥਾਵਾਂ 'ਤੇ ਬਹੁਤ ਜਿਆਦਾ ਕੂੜਾ ਸੁੱਟਣ ਨਾਲ ਲੰਘਣਾ ਵੀ ਔਖਾ ਹੋਇਆ ਪਿਆ ਹੈ। , ਜਿਸ ਨਾਲ ਹਾਲਾਤ ਹੋਰ ਵੀ ਚਿੰਤਾਜਨਕ ਬਣਦੇ ਜਾ ਰਹੇ ਹਨ। ਸ਼ਹਿਰ ਨਿਵਾਸੀਆਂ ਨੇ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਦਾ ਜਲਦ ਤੋਂ ਜਲਦ ਹੱਲ ਕਰਕੇ ਹੜਤਾਲ ਖਤਮ ਕਰਵਾਈ ਜਾਵੇ ਤਾਂ ਜੋ ਸ਼ਹਿਰ ਨੂੰ ਗੰਦਗੀ ਤੋਂ ਬਚਾਇਆ ਜਾ ਸਕੇ। ਲੋਕਾਂ ਦਾ ਕਹਿਣਾ ਹੈ ਕਿ ਸਫਾਈ ਪ੍ਰਬੰਧ ਸੁਚਾਰੂ ਨਾ ਹੋਣ ਕਾਰਨ ਆਮ ਜਨਜੀਵਨ ਵੀ ਪ੍ਰਭਾਵਿਤ ਹੋ ਰਿਹਾ ਹੈ।ਇਸ ਮੌਕੇ ਵਰਿੰਦਰ ਕੁਮਾਰ ਕਾਲੜਾ, ਮਿੰਕਲ ਅਰੋੜਾ, ਅਰੁਣ ਗੁਲਾਟੀ, ਗਗਨਪ੍ਰੀਤ ਡੇਅਰੀ ਵਾਲਾ, ਅਮਰ ਸਿੰਘ, ਭਗਵਾਨ ਸਿੰਘ ਗਿੱਲ, ਅਤੇ ਭਾਰੀ ਗਿਣਤੀ ਵਿੱਚ ਦਕਾਨਦਾਰ ਮੌਜਦ ਸਨ

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

DOABA COLLEGE OF LAW (KHARAR)

Village Ghataur, Kharar, Distt. SAS Nagar Punjab, Pin Code: 140103
(Mid-way, Kharar - Kurali Road)

Approved by Bar Council of India and affiliated to Punjabi University Patiala REQUIRED ON REGULAR BASIS FACULTY FOR LAW Principal-01, Librarian-01, Assistant Professor (Law)-08, Assistant Professor(History)-01, Assistant Professor(Economics)-01, Assistant Professor(Punjabi)-01 Qualification and pay scale as per Pb. Govt/ UGC/ Punjabi University Patiala norms. Applications must be submitted within 11 days. Please apply at http://collegejobs.punjabiuniversity.ac.in. Enquiry at principaldcl25@gmail.com, Contact: 9646125578

ਦੇਵੀਗੜ੍ਹ ਪਟਿਆਲਾ ਕੈਨਾਲ ਅਤੇ ਗਰਾਊਂਡ ਵਾਟਰ ਮੰਡਲ ਅਧੀਨ ਪੈਂਦੀਆਂ ਜਮੀਨਾਂ ਨੂੰ ਸਾਲ 2026-27 ਲਈ ਲੀਜ਼ ਤੇ ਦੇਣ ਸੰਬੰਧੀ ਹੇਠ ਲਿਖੇ ਅਨੁਸਾਰ ਖੁੱਲ੍ਹੀ ਬੋਲੀ ਕਰਵਾਈ ਜਾਣੀ ਹੈ।

ਲੜੀ. ਨੰਬਰ	ਪਿੰਡ ਦਾ ਨਾਮ/ ਰੈਸਟ ਹਾਊਸ	ਜ਼ਿਲ੍ਹਾ	ਏਰੀਆ ਏਕੜਾਂ ਵਿੱਚ	ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ)	ਸਕਿਊਰਟੀ ਰਕਮ	ਬੋਲੀ ਦਾ ਸਥਾਨ, ਸਮਾਂ ਅਤੇ ਮਿਤੀ
1	ਮਾਹੁੜ ਰੈਸਟ ਹਾਊਸ	ਪਟਿਆਲਾ	0.96 ਏਕੜ	33373	3300	ਦਫਤਰ ਉਪ ਮੰਡਲ ਅਫਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ । ਮਿਤੀ 20-05-2026 ਸਮਾਂ ਸਵੇਰੇ 10:00 ਵਜੇ
2	ਸੀਲ ਰੈਸਟ ਹਾਊਸ	ਪਟਿਆਲਾ	1.11 ਏਕੜ	33012	3300	ਦਫਤਰ ਉਪ ਮੰਡਲ ਅਫਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ ਮਿਤੀ 20-05-2026 ਸਮਾਂ ਸਵੇਰੇ 11:00 ਵਜੇ
3	ਦੇਵੀਗੜ੍ਹ ਰੈਸਟ ਹਾਊਸ ਭੰਬੂਆਂ	ਪਟਿਆਲਾ	0.61 ਏਕੜ	35111	3500	ਦਫਤਰ ਉਪ ਮੰਡਲ ਅਫਸਰ ਦੇਵੀਗੜ੍ਹ,ਉਪ ਮੰਡਲ ਪਟਿਆਲਾ। ਮਿਤੀ 20-05-2026 ਸਮਾਂ ਦੁਪਹਿਰ 12:00 ਵਜੇ
4	ਹੀਰਾਗੜ੍ਹ ਰੈਸਟ ਹਾਊਸ ਪਿੰਡ ਅਕੌਤ	ਪਟਿਆਲਾ	0.86 ਏਕੜ	31422	3100	ਦਫਤਰ ਉਪ ਮੰਡਲ ਅਫਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ। ਮਿਤੀ 20-05-2026 ਸਮਾਂ ਦੁਪਹਿਰ 1:00 ਵਜੇ

ਬੋਲੀ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ https://irrigation.punjab.gov.in ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/- ਕਾਰਜਕਾਰੀ ਇੰਜੀਨੀਅਰ/ਅਸਟੇਟ,
ਭਾਖੜਾ ਮੇਨ ਲਾਈਨ ਸਰਕਲ,
ਪਟਿਆਲਾ।

Ro No. Advt No: 3438/12/2026-27/11494/Dated CHD: 14/05/2026

ਭਾਖੜਾ ਮੇਨ ਲਾਈਨ ਕੈਨਾਲ ਅਤੇ ਗਰਾਊਂਡ ਵਾਟਰ ਮੰਡਲ ਅਧੀਨ ਪੈਂਦੀਆਂ ਜਮੀਨਾਂ ਨੂੰ ਸਾਲ 2026-27 ਲਈ ਲੀਜ਼ ਤੇ ਦੇਣ ਸੰਬੰਧੀ ਹੇਠ ਲਿਖੇ ਅਨੁਸਾਰ ਖੁੱਲ੍ਹੀ ਬੋਲੀ ਕਰਵਾਈ ਜਾਣੀ ਹੈ।

ਲੜੀ. ਨੰਬਰ	ਪਿੰਡ ਦਾ ਨਾਮ/ ਰੈਸਟ ਹਾਊਸ	ਜ਼ਿਲ੍ਹਾ	ਏਰੀਆ ਏਕੜਾਂ ਵਿੱਚ	ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ)	ਸਕਿਊਰਟੀ ਰਕਮ	ਬੋਲੀ ਦਾ ਸਥਾਨ, ਸਮਾਂ ਅਤੇ ਮਿਤੀ
1	ਗੰਡਾਖੇੜੀ ਰੈਸਟ ਹਾਊਸ	ਪਟਿਆਲਾ	1.05 ਏਕੜ	59010	5900	ਦਫਤਰ ਉਪ-ਮੰਡਲ ਅਫਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 20-05-2026 ਸਮਾਂ ਸਵੇਰ 11:00 ਵਜੇ
2	ਪਿੰਡ ਜੱਖੜਾ	ਪਟਿਆਲਾ	1.86 ਏਕੜ	60690	6000	ਦਫਤਰ ਉਪ-ਮੰਡਲ ਅਫਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 20-05-2026 ਸਮਾਂ ਸਵੇਰ 11:00 ਵਜੇ
3	ਡੰਘੇੜੀਆਂ ਰੈਸਟ ਹਾਊਸ	ਫਤਿਹਗੜ੍ਹ ਸਾਹਿਬ	1.64 ਏਕੜ	35684	3500	ਦਫਤਰ ਉਪ ਮੰਡਲ ਅਫਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 20-05-2026 ਸਮਾਂ ਸਵੇਰੇ 11:00 ਵਜੇ
4	ਪਿੰਡ ਸਾਨੀਪੁਰ	ਫਤਿਹਗੜ੍ਹ ਸਾਹਿਬ	10.33 ਏਕੜ	35400	3500	ਦਫਤਰ ਉਪ ਮੰਡਲ ਅਫਸਰ ਅਬਲੋਵਾਲ, ਉਪ ਮੰਡਲ ਪਟਿਆਲਾ ਮਿਤੀ 20-05-2026 ਸਮਾਂ ਸਵੇਰ 11:00 ਵਜੇ
5	ਪਿੰਡ ਕੋਟਲਾ ਨਿਹੰਗ	ਰੋਪੜ	5.01 ਏਕੜ	37800	3700	ਦਫਤਰ ਉਪ ਮੰਡਲ ਅਫਸਰ ਸਮਰਾਲਾ ਮਿਤੀ 20-05-2026 ਸਮਾਂ ਸਵੇਰ 11:00 ਵਜੇ

ਬੋਲੀ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈਬਸਾਈਟ https://irrrigation.punjab.gov.in ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/- ਕਾਰਜਕਾਰ ਇੰਜੀਨੀਅਰ/ਅਸਟੇਟ,
ਭਾਖੜਾ ਮੇਨ ਲਾਈਨ ਸਰਕਲ,
ਪਟਿਆਲਾ।

Ro No. Advt No: 3438/12/2026-27/11491/Dated CHD: 14/05/2026

ਨਗਰ ਨਿਗਮ ਚੰਡੀਗੜ੍ਹ

ਈ-ਟੈਂਡਰ ਸੂਚਨਾ

ਲ. ਨੰ.	ਕੰਮ ਦਾ ਨਾਮ	ਬੋਲੀ ਜਮ੍ਹਾਂ ਸੂਚੀ (ਆਨਲਾਈਨ)	ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ - ਐਮਸੀਪੀਐਚ ਮੰਡਲ ਨੰ. 1		
1.	ਐਸਡੀਈ ਐਮਸੀਪੀਐਚ ਉਪ ਮੰਡਲ ਨੰ. 13, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਪਿੰਡ ਅਟਾਵਾ, ਸੈਕਟਰ 42ਬੀ, ਚੰਡੀਗੜ੍ਹ ਵਿਖੇ #15, ਦੁਕਾਨ ਨੰ. 20, #17, #32/33, #24, #20, #132 ਦੇ ਨਜ਼ਦੀਕ ਸੀਵਰੇਜ ਦੇ ਸੁਚਾਰੂ ਨਿਪਟਾਰੇ ਅਤੇ ਹੋਰ ਸੰਬੰਧਤ ਕੰਮਾਂ ਲਈ ਮਸ਼ੀਨ ਹੋਲਜ਼ ਦਾ ਨਿਰਮਾਣ ਅਤੇ ਮਜ਼ਬੂਤੀਕਰਨ, 200 ਐਮਐਮ (8"), ਆਈ/ਡੀ ਐਸਡਬਲਿਊ ਪਾਈਪਾਂ ਦਾ ਮਜ਼ਬੂਤੀਕਰਨ, ਵਿਵਸਥਾ ਅਤੇ ਸਥਾਪਨਾ। (ਸੀਐਚ ਟੂ ਕੈਪੀਟਲ ਹੈਡ : ਸੀਵਰੇਜ/ਐਸਟੀਪੀ) **ਰਕਮ : ਰੁ. 54,87,326/-** **ਬਿਆਨਾ ਰਕਮ : ਰੁ. 1,09,750/-** **ਸਮਾਂ ਹੱਦ : 180 ਦਿਨ**	14.05.2026 To 25.05.2026 at 09:30 AM	25.05.2026 at 09:45 AM
	ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 3		
2.	ਸੜਕ ਉਪ ਮੰਡਲ ਨੰ. 1, ਐਮ.ਸੀ., ਚੰਡੀਗੜ੍ਹ (ਭਾਗ-"ੳ") ਦੇ ਅਧਿਕਾਰ ਖੇਤਰ ਅਧੀਨ ਖੁੱਡਾ ਲਾਹੌਰਾ ਕਲੋਨੀ ਨੰ. 2, ਦੀਆਂ ਸੜਕਾਂ ਵਿਖੇ 60 ਐਮਐਮ ਮੋਟੇ ਪੇਵਰ ਬਲਾਕਾਂ ਦੀ ਵਿਵਸਥਾ ਅਤੇ ਸਥਾਪਨਾ ਅਤੇ ਵੀ-4 ਸੈਕਟਰ 8 ਬੀ ਅਤੇ ਸੀ, ਵੀ-4, ਸੈਕਟਰ 10, ਵੀ-6, ਸੜਕ ਸੈਕਟਰ 2, ਵੀ-6, ਸੜਕ ਸੈਕਟਰ 7-ਸੀ, ਵੀ-6 ਸੜਕ, ਸੈਕਟਰ 9-ਸੀ, ਵੀ-6, ਸੜਕ, ਸੈਕਟਰ 11-ਏ, ਪਾਰਕਿੰਗ ਮਧਿਆ ਮਾਰਗ, ਐਸਸੀਓ 1-16 ਸੈਕਟਰ 7, ਪਾਰਕਿੰਗ ਮਧਿਆ ਮਾਰਗ ਸੈਕਟਰ 8 ਐਸਸੀਓ 134-147, ਲੇਕ ਪਾਰਕਿੰਗ ਸੈਕਟਰ - 5 ਦੇ ਕਰਬ ਅਤੇ ਚੈਨਲ ਨੂੰ ਤੋੜਨਾ। ਕੈਪੀਟਲ ਹੈਡ : ਸੜਕ/ ਪਾਰਕਿੰਗ ਥਾਵਾਂ ਅਤੇ ਬੁਨਿਆਦੀ ਢਾਂਚਾ ਸਹੂਲਤਾਂ ਦਾ ਸੁਧਾਰ। **ਅਨੁਮਾਨਤ ਲਾਗਤ : ਰੁ. 75.85 ਲੱਖ** **ਬਿਆਨਾ ਰਕਮ : ਰੁ. 1,51,706/-** **ਸਮਾਂ ਹੱਦ : 06 ਮਹੀਨੇ।**	14.05.2026 To 21.05.2026 upto 12.00 noon	21.05.2026 at 15.00 PM
3.	ਸੈਕਟਰ 15, ਚੰਡੀਗੜ੍ਹ ਵਿਚ ਧੋਬੀ ਘਾਟ ਦੀ ਵਿਸ਼ੇਸ਼ ਮੁਰੰਮਤ। ਕੈਪੀਟਲ ਹੈਡ : ਸਿਵਲ ਕੰਮ। **ਅਨੁਮਾਨਤ ਲਾਗਤ : ਰੁ. 38.26 ਲੱਖ** **ਬਿਆਨਾ ਰਕਮ : ਰੁ. 76,520/-** **ਸਮਾਂ ਹੱਦ : 04 ਮਹੀਨੇ।**	14.05.2026 To 21.05.2026 upto 12.00 noon	21.05.2026 at 15.00 PM
	ਕਾਰਜਕਾਰੀ ਇੰਜੀਨੀਅਰ - ਐਮਸੀਪੀਐਚ ਮੰਡਲ ਨੰ. 3		
4.	ਐਸਡੀਈ ਐਮਸੀਪੀਐਚ ਉਪ ਮੰਡਲ ਨੰ. 4, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਵਾਟਰ ਪਲੱਸ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੱਕੀ ਦੇ ਨਜ਼ਦੀਕ ਸੈਕਟਰ 36 ਡੀ ਅਤੇ ਬੂਥ ਨੰ 182 ਅਤੇ 194 ਦੇ ਨਜ਼ਦੀਕ, ਸੈਕਟਰ 36ਡੀ, ਚੰਡੀਗੜ੍ਹ ਵਿਖੇ ਪੁਰਾਣੇ ਮੌਜੂਦਾ ਜਨਤਕ ਪਖਾਨਾ ਬਲਾਕਾਂ ਦਾ ਪੁਨਰ ਸੁਧਾਰ। (ਸੀਐਚ ਟੂ : ਕੈਪੀਟਲ ਹੈਡ : ਸਿਵਲ ਕੰਮ/ਜਨਤਕ ਪਖਾਨਾ) (ਪੁਨਰ-ਸੱਦਾ) **ਅਨੁਮਾਨਤ ਲਾਗਤ : ਰੁ. 46,44,743/-** **ਬਿਆਨਾ ਰਕਮ : ਰੁ. 92,885/-** **ਸਮਾਂ ਹੱਦ : 03 ਮਹੀਨੇ** **ਟੈਂਡਰ ਫੀਸ : ਰੁ. 3,000/-**	15-05-2026 To 21-05-2026 upto 1.00 P.M.	21-05-2026 at 03.00 P.M.

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ

ਕਾਰਜਕਾਰੀ ਇੰਜੀਨੀਅਰ
ਐਮਸੀਪੀਐਚ ਮੰਡਲ ਨੰ. 1, ਨੇੜੇ ਕਰੁਣਾ ਸਦਨ, ਸੈਕਟਰ 11, ਚੰਡੀਗੜ੍ਹ, ਸੜਕ ਮੰਡਲ ਨੰ. 3, ਕਮਰਾ ਨੰ. 311, ਐਮ.ਸੀ. ਚੰਡੀਗੜ੍ਹ, ਫੋਨ : 0172-5021482 xenroad3.mcc@chd.nic.in ਅਤੇ ਐਮਸੀਪੀਐਚ ਮੰਡਲ ਨੰ. 3, ਚੰਡੀਗੜ੍ਹ

ਫਤਿਹਗੜ੍ਹ ਸਾਹਿਬ ਕੈਨਾਲ ਅਤੇ ਗਰਾਊਂਡ ਵਾਟਰ ਮੰਡਲ ਸਰਹਿੰਦ ਅਧੀਨ ਪੈਂਦੀਆਂ ਜ਼ਮੀਨਾਂ ਸਾਲ 2026-27 ਲਈ ਲੀਜ਼ ਤੇ ਦੇਣ ਸਬੰਧੀ ਹੇਠ ਲਿਖੇ ਅਨੁਸਾਰ ਖੁੱਲ੍ਹੀ ਬੋਲੀ ਕਰਵਾਈ ਜਾਣੀ ਹੈ।

ਲੜੀ ਨੰ.	ਪਿੰਡ ਦਾ ਨਾਮ/ਰੈਸਟ ਹਾਊਸ	ਜ਼ਿਲ੍ਹਾ	ਏਰੀਆ ਏਕੜਾਂ ਵਿੱਚ	ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ)	ਸਕਿਓਰਿਟੀ ਰਕਮ	ਬੋਲੀ ਦਾ ਸਥਾਨ, ਸਮਾਂ ਅਤੇ ਮਿਤੀ
1	ਰੈਸਟ ਹਾਊਸ ਭਾਦਸੋਂ ਪਿੰਡ ਸਕਰਾਲੀ	ਪਟਿਆਲਾ	1.55 ਏਕੜ	31411	3100	ਦਫਤਰ ਉਪ ਮੰਡਲ ਅਫਸਰ ਅਮਲੋਹ, ਮਿਤੀ 20.05.2026 ਸਮਾਂ ਸਵੇਰੇ 11:00 ਵਜੇ
2	ਪਿੰਡ ਨੰਦਪੁਰ ਕੇਸ਼ੋ	ਪਟਿਆਲਾ	1.29 ਏਕੜ	27900	2800	ਦਫਤਰ ਉਪ ਮੰਡਲ ਅਫਸਰ ਅਕਾਸ, ਮਿਤੀ 20.05.2026 ਸਮਾਂ ਸਵੇਰੇ 11:00 ਵਜੇ

ਬੋਲੀ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ https://irrigation.punjab.gov.in ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/- ਕਾਰਜਕਾਰੀ ਇੰਜੀਨੀਅਰ/ਅਸਟੇਟ,
ਭਾਖੜਾ ਮੇਨ ਲਾਈਨ ਸਰਕਲ,
ਪਟਿਆਲਾ।

Ro No. PR Advt. No.: 3438 / 12 / 2026-27 / 11497 / Dated CHD : 14.05.2026

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿ. ਦਫ਼ਤਰ ਪੰ.ਰਾ.ਬਿ.ਬੋ. ਹੈੱਡ ਆਫਿਸ, ਦਿ ਮਾਲ, ਪਟਿਆਲਾ - 147001)
ਕਾਰਪੋਰੇਟ ਆਈਡੈਂਟੀਫਿਕੇਸ਼ਨ ਨੰ. : (CIN) U40109PB2010SGC033813

ਟੈਂਡਰ ਇੰਨਕੁਆਇਰੀ ਨੰਬਰ 24, 25,26,27,28/XEN/CCM 2026-27, ਮਿਤੀ: 14.05.2026

ਸੀਨੀਅਰ ਕਾਰਜਕਾਰੀ ਇੰਜੀ ਉਸਾਰੀ ਅਤੇ ਸਾਂਭ ਸੰਭਾਲ ਮੰਡਲ ਪ.ਰਾ.ਪਾ.ਕਾ.ਲਿਮ ਅੰਮ੍ਰਿਤਸਰ ਵੱਲੋਂ

T.Enq.No.24/XEN/CCM/2026-27-ਪੂਰਬੀ ਡਿਵੀਜਨ ਅੰਮ੍ਰਿਤਸਰ ਅਧੀਨ ਭੱਜ ਨਗਰ ਫੀਡਰ ਦੇ ਪਾਵਰ ਟ੍ਰਾਸਫਰਮਰ ਦੇ ਪਲੇਟ ਫਾਰਮ ਦੀ ਉਸਾਰੀ ਦਾ ਕੰਮ (ਰੰਗਲਾ ਪੰਜਾਬ ਸਕੀਮ ਅਧੀਨ)

T.Enq.No.25/XEN/CCM/2026-27-ਪੂਰਬੀ ਡਿਵੀਜਨ ਅੰਮ੍ਰਿਤਸਰ ਅਧੀਨ ਮਾਲ ਮੰਡੀ ਫੀਡਰ ਅਤੇ ਖੰਨਾ ਫੀਡਰ ਦੇ ਪਾਵਰ ਟ੍ਰਾਸਫਰਮਰ ਦੇ ਪਲੇਟ ਫਾਰਮ ਦੀ ਉਸਾਰੀ ਦਾ ਕੰਮ (ਰੰਗਲਾ ਪੰਜਾਬ ਸਕੀਮ ਅਧੀਨ)

T.Enq.No.26/XEN/CCM/2026-27-ਪੂਰਬੀ ਡਿਵੀਜਨ ਅੰਮ੍ਰਿਤਸਰ ਅਧੀਨ ਗੁਰੂ ਨਾਨਕ ਫੀਡਰ ਗ੍ਰੀਨ ਲੈਂਡ ਫੀਡਰ ਸੁੰਦਰ ਨਗਰ ਫੀਡਰ, ਪਵਨ ਨਗਰ ਫੀਡਰ, ਬਾਂਕੇ ਬਿਹਾਰੀ ਫੀਡਰ, ਦੋਲਚਾ ਬਾਈਪਾਸ ਫੀਡਰ ਅਤੇ ਮੁਸਤਫਾਬਾਦ ਫੀਡਰ ਦੇ ਪਾਵਰ ਟਰਾਸਫਾਰਮਰ ਦੇ ਪਾਵਰ ਟ੍ਰਾਸਫਰਮਰ ਦੇ ਪਲੇਟ ਫਾਰਮ ਦੀ ਉਸਾਰੀ ਦਾ ਕੰਮ (ਰੰਗਲਾ ਪੰਜਾਬ ਸਕੀਮ ਅਧੀਨ)

T.Enq.No.27/XEN/CCM/2026-27-ਪੂਰਬੀ ਡਿਵੀਜਨ ਅੰਮ੍ਰਿਤਸਰ ਅਧੀਨ ਗੁਰੂ ਨਾਨਕ ਫੀਡਰ ਅਧੀਨ ਸ਼ਿਵ ਨਗਰ ਫੀਡਰ , ਤੁੰਗ ਪਾਣੀ ਫੀਡਰਦੇ ਪਾਵਰ ਟਰਾਂਸਫਾਰਮਰ ਦੇ ਪਾਵਰ ਟਰਾਂਸਫਾਰਮਰ ਦੇ ਪਾਵਰ ਟ੍ਰਾਸਫਰਮਰ ਦੇ ਪਲੇਟ ਫਾਰਮ ਦੀ ਉਸਾਰੀ ਦਾ ਕੰਮ (ਰੰਗਲਾ ਪੰਜਾਬ ਸਕੀਮ ਅਧੀਨ)

T.Enq.No.28/XEN/CCM/2026-27-ਪੂਰਬੀ ਡਿਵੀਜਨ ਅੰਮ੍ਰਿਤਸਰ ਅਧੀਨ ਕਸ਼ਮੀਰ ਐਵਨਿਊ ਫੀਡਰ, ਨਾਨਕਸਰ ਫੀਡਰ ਅਤੇ ਇੰਦਰਾ ਕਲੋਨੀ ਫੀਡਰ ਦੇ ਪਾਵਰ ਟਰਾਂਸਫਾਰਮਰ ਦੇ ਪਲੇਟਫਾਰਮ ਦੀ ਉਸਾਰੀ ਦਾ ਕੰਮ (ਰੰਗਲਾ ਪੰਜਾਬ ਸਕੀਮ ਅਧੀਨ)

ਸੰਖੇਪ NIT ਅਤੇ ਟੈਂਡਰ ਸਪੈਸੀਫਿਕੇਸ਼ਨ eproc.punjab.gov.in ਅਤੇ www.pspcl.in ਉੱਪਰ ਮਿਤੀ 14.05.2026 ਤੋਂ ਉਪਲਬੱਧ ਹੈ।
ਨੋਟ : ਕੋਰੀਜ਼ੰਡਮ ਅਤੇ ਹੋਰ ਕੋਈ ਸੋਧ ਸਬੰਧੀ ਵੇਰਵੇ eproc.punjab.gov.in ਅਤੇ www.pspcl.in ਤੇ ਵੇਖੇ ਜਾਣ।

C576/26
Ro No.: PR Advt. No.: 1079 / 12 / 2026-27 / 11496 / Dated CHD : 14.05.2026

SAVE TREE SAVE LIFE

ਨਗਰ ਪੰਚਾਇਤ ਘਨੌਰ (ਪਟਿਆਲਾ)

Email Id: npghanaur@yahoo.in
Ph.01762-268025

ਪਬਲਿਕ ਨੋਟਿਸ

ਹਰ ਆਮ ਤੇ ਖਾਸ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਪੰਚਾਇਤ ਘਨੌਰ ਵੱਲੋਂ ਆਪਣੇ ਵਾਹੀਯੋਗ ਜ਼ਮੀਨ ਅਤੇ ਹੱਡਾ ਰੋੜੀ ਦਾ ਠੇਕਾ ਸਾਲ 2026-27 ਇੱਕ ਸਾਲ ਲਈ ਖੁੱਲ੍ਹੀ ਬੋਲੀ ਰਾਹੀਂ ਹੇਠ ਲਿਖੇ ਅਨੁਸਾਰ ਆਪਣੇ ਦਫ਼ਤਰ ਵਿਖੇ ਕੀਤਾ ਜਾਣਾ ਹੈ :

ਲੜੀ ਨੰ.	ਠੇਕੇ ਦੀ ਕਿਸਮ	ਠੇਕੇ ਦੀ ਮਿਆਦ	ਬੋਲੀ ਦੀ ਮਿਤੀ ਤੇ ਸਮਾਂ	ਬਿਆਨਾ/ ਸਕਿਓਰਿਟੀ ਰਕਮ	ਸਥਾਨ
1	ਵਾਹੀਯੋਗ ਜ਼ਮੀਨ ਦਾ ਠੇਕਾ	ਸਾਲ 2026-2027	ਮਿਤੀ 22.05.2026 ਸਮਾਂ 10:30 ਵਜੇ	10,000/-	ਦਫ਼ਤਰ ਨਗਰ ਪੰਚਾਇਤ ਘਨੌਰ
2	ਹੱਡਾ ਰੋੜੀ ਦਾ ਠੇਕਾ	ਮਿਤੀ 01.07.2026 ਤੋਂ 30.06.2026	ਮਿਤੀ 22.05.2026 ਸਮਾਂ 12:30 ਵਜੇ	10,000/-	ਦਫ਼ਤਰ ਨਗਰ ਪੰਚਾਇਤ ਘਨੌਰ

ਉਪਰੋਕਤ ਸਬੰਧੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ ਜਾਂ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰ ਦੇ ਸਬੰਧਤ ਬ੍ਰਾਂਚ ਵਿੱਚ ਦੇਖੀਆਂ ਜਾ ਸਕਦੀਆਂ ਹਨ। ਬੋਲੀਆਂ ਸਬੰਧੀ ਰਿਜ਼ਰਵ ਪ੍ਰਾਇਸ ਮੌਕੇ ਤੇ ਦੱਸੀ ਜਾਵੇਗੀ। ਪ੍ਰਧਾਨ ਅਤੇ ਕਾਰਜ ਸਾਧਕ ਅਫ਼ਸਰ ਨਗਰ ਪੰਚਾਇਤ ਘਨੌਰ ਨੂੰ ਕਿਸੇ ਵੀ ਬੋਲੀ ਨੂੰ ਰੱਦ ਕਰਨ ਦਾ ਅਧਿਕਾਰ ਹੋਵੇਗਾ। ਬੋਲੀਆਂ ਵਾਲੇ ਦਿਨ ਕਿਸੇ ਕਾਰਨ ਛੁੱਟੀ ਹੋ ਜਾਣ ਦੀ ਸੂਰਤ ਵਿੱਚ ਬੋਲੀਆਂ ਅਗਲੇ ਕੰਮ-ਕਾਜ ਵਾਲੇ ਦਿਨ ਉਪਰੋਕਤ ਸਮਾਂ ਸਾਰਨੀ ਅਨੁਸਾਰ ਕਰਵਾਈਆਂ ਜਾਣਗੀਆਂ।

ਸਹੀ/-
ਪ੍ਰਧਾਨ,
ਨਗਰ ਪੰਚਾਇਤ ਘਨੌਰ।

ਸਹੀ/-
ਕਾਰਜ ਸਾਧਕ ਅਫ਼ਸਰ,
ਨਗਰ ਪੰਚਾਇਤ ਘਨੌਰ।

Ro No. PR-Advt. No.: 1531 / 12 / 2026-27 / 11508 / Dated CHD : 14.05.2026

OFFICE OF THE DISTRICT & SESSIONS JUDGE, SANGRUR
CORRIGENDUM

Due to formation of Malerkotla as separate Sessions Division, 06 posts for Lift Operators on contract basis for Dhuri, Malerkotla and Sunam, advertised earlier vide endorsement nos.4030/EB and 4031/EB dated 15.04.2026, are hereby reduced to 04 for Dhuri and Sunam, Details of Which are as under:-

Category	Number of Posts
SC-M&B (Women)	01
General (Women)	01
General	02

Other contents of advertisements under reference shall remain the same. Following link of the website of this office may be seen, for any further updated information
https://sangrur.dcourts.gov.in/notice-category/recruitments/

Sd/- District & Sessions Judge
Sangrur

IN THE OFFICE OF CIVIL JUDGE (SENIOR DIVISION), SANGRUR.
PUBLIC AUCTION NOTICE

It is notified that in accordance with Hon'ble High Court's Judicial Courts Premises and Compound Fund Rules, 2013, a Public Auction for Bank/ATM for the public utility services situated at Judicial Courts Complex, Sangrur on 25.05.2026 at 2:00 P.M. for the lease period from 26.05.2026 to 31.03.2027 in the office of undersigned as well as Public Auction for Car Parking/Canteen/booths etc. for the public utility services situated at Judicial Courts Complex at Sub-Divisions, Dhuri and Moonak on 25.05.2026 at 2.00 P.M., for the lease period from 26.05.2026 to 31.03.2027 in the office of Additional Civil Judge(Sr.Divn.) of their respective Sub-Divisions. Last date for receiving application(s) is 25.05.2026 till 01:00 P.M. The aspiring bidders are directed to deposit an amount of Rs.10,000/- as earnest money on 25.05.2026 by 01.00 P.M. positively, in the office of undersigned for auction at Headquarter and for auction at sub divisions in the office of Additional Civil Judge(Sr.Divn.) of their respective Sub-divisions.

The earnest money of unsuccessful bidders shall be returned on the same day. The detailed terms and conditions shall be available on the website of Sangrur Sessions Division i.e. www.ecourts.gov.in/sangrur

SITES AT JUDICIAL COURTS COMPLEX, SANGRUR

Sr. No.	Name of Public Utility Service	Reserved Price for the period from 26.05.2026 to 31.03.2027
1.	Bank/ATM	Rs.25,000/-

SITES AT JUDICIAL COURTS COMPLEX, DHURI

Sr. No.	Name of Public Utility Service	Reserved Price for the period from 26.05.2026 to 31.03.2027
1.	Canteen (First Floor)	Rs.20,000/-
2.	Cycle/Scooter/Car Parking	Rs.50,000/-

SITES AT JUDICIAL COURTS COMPLEX, MOONAK

Sr. No.	Name of Public Utility Service	Reserved Price for the period from 26.05.2026 to 31.03.2027
1.	One booth	Rs.15,000/- each booth

The aspiring bidders can inspect the Site Plan of the aforesaid Public Utility Service on any working day, from the Superintendent of the office of District & Sessions Judge, Sangrur by paying a fee of Rs.100/- in the form of Court Fee Stamp.

The successful bidders shall have to sign and follow the agreement form (Annexure-A) as well as the terms and conditions (Annexure-B).

Sd/- (Jagmilap Singh Khushdil)
Civil Judge (Sr.Divn.),
Sangrur

ਨਾਂਦੇੜ ਤੋਂ ਸਰਹਿੰਦ ਤੱਕ: ਬਾਬਾ ਬੰਦਾ ਸਿੰਘ ਬਹਾਦਰ ਦੀ ਇਤਿਹਾਸਕ ਫ਼ਤਹਿ

ਗੁਰ ਕਿਰਪਾਲ ਸਿੰਘ ਅਸ਼ਕ
98780-19889

ਮਹਾਨ ਸਿੱਖ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ 'ਤੇ ਫ਼ਤਹਿ ਸਿਰਫ਼ ਇੱਕ ਜੰਗੀ ਜਿੱਤ ਨਹੀ ਸੀ, ਸਗੋ ਇਹ ਜ਼ਾਲਮ ਮੁਗ਼ਲ ਹਕੂਮਤ ਦੇ ਅੰਤ ਦੀ ਸ਼ੁਰੂਆਤ ਅਤੇ ਪੰਜਾਬ ਵਿੱਚ ਆਜ਼ਾਦੀ ਦੇ ਇੱਕ ਨਵੇਂ ਅਧਿਆਏ ਦਾ ਆਗਾਜ਼ ਸੀ। ਇਸ ਇਤਿਹਾਸਕ ਘਟਨਾ ਨੇ ਖ਼ਾਲਸਾ ਰਾਜ ਦੀ ਨੀਹ ਰੱਖੀ ਕਿਉਂਕਿ ਪੰਜਾਬ ਦੇ ਲੋਕਾਂ ਵਿੱਚ ਉਹ ਹੌਸਲਾ ਭਰਿਆ, ਜਿਸ ਨੇ ਅੱਗੇ ਜਾ ਕੇ 18ਵੀ ਸਦੀ ਦੀਆਂ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਾਲ ਸਿੱਖ ਸਾਮਰਾਜ ਦਾ ਰਾਹ ਪੱਧਰਾ ਕੀਤਾ।

ਇਸ ਮਹਾਨ ਸੰਘਰਸ਼ ਦੀ ਨੀਹ ਅਗਸਤ 1708 ਵਿੱਚ ਰੱਖੀ ਗਈ, ਜਦੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਪਹੁੰਚੇ। ਸਤੰਬਰ 1708 ਵਿੱਚ ਉਹ ਮਾਧੋ ਦਾਸ ਬੈਰਾਗੀ ਦੇ ਡੇਰੇ ਗਏ। ਮਾਧੋ ਦਾਸ ਨੇ ਗੁਰੂ ਸਾਹਿਬ ਦੀ ਸ਼ਰਨ ਲਈ ਅਤੇ ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ 'ਬੰਦਾ ਸਿੰਘ' (ਅੰਮ੍ਰਿਤ ਛਕਾ ਕੇ ਮਾਧੋ ਦਾਸ ਬੈਰਾਗੀ ਦਾ ਨਾਂ ਗੁਰਬਖਸ਼ ਸਿੰਘ ਰੱਖਿਆ ਗਿਆ ਸੀ, ਪਰ ਬਾਅਦ ਵਿੱਚ ਉਹ ਬੰਦਾ ਸਿੰਘ ਬਹਾਦਰ ਵਜੋ ਜਾਣੇ ਗਏ) ਬਣਾਇਆ। ਇਸੇ ਦੌਰਾਨ ਬਾਬਾ ਬੰਦਾ ਸਿੰਘ ਨੂੰ ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਦੀ ਦਿਲ-ਕੰਬਾਊ ਘਟਨਾ ਬਾਰੇ ਪਤਾ ਲੱਗਾ। ਵਜ਼ੀਰ ਖ਼ਾਨ ਦੇ ਇਸ ਅਣਮਨੁੱਖੀ ਜ਼ੁਲਮ ਬਾਰੇ ਜਾਣ ਕੇ ਬਾਬਾ ਬੰਦਾ ਸਿੰਘ ਨੇ ਆਪਣਾ ਜੀਵਨ ਇਸ ਜ਼ਾਲਮ ਰਾਜ ਦੇ ਖ਼ਾਤਮੇ ਲਈ ਸਮਰਪਿਤ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਮ ਯੁੱਧ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੁਝ ਵਿਸ਼ੇਸ਼ ਨਿਸ਼ਾਨੀਆਂ ਅਤੇ ਸ਼ਕਤੀਆਂ ਬਖ਼ਸ਼ੀਆਂ। ਵੱਖ ਵੱਖ ਸਰੋਤਾਂ ਮੁਤਾਬਿਕ ਉਨ੍ਹਾਂ ਨੇ ਆਪਣੇ ਤਰਕਸ਼ ਵਿੱਚੋ ਪੰਜ ਤੀਰ, ਜੰਗੀ ਸ਼ਕਤੀ ਤੇ ਆਤਮਿਕ ਅਡੋਲਤਾ ਲਈ 'ਸ੍ਰੀ ਸਾਹਿਬ' (ਤਲਵਾਰ) ਅਤੇ ਪ੍ਰਭੂਸੱਤਾ ਦੇ ਪ੍ਰਤੀਕ ਵਜੋ ਇੱਕ ਨਗਾਰਾ ਤੇ ਨਿਸ਼ਾਨ ਸਾਹਿਬ ਬਖ਼ਸ਼ੇ।

ਰਾਜਸੀ ਤੇ ਧਾਰਮਿਕ ਅਗਵਾਈ ਲਈ ਗੁਰੂ ਸਾਹਿਬ ਨੇ ਪੰਜ ਪ੍ਰਮੁੱਖ ਸਿੱਖਾਂ ਭਾਈ ਬਾਜ਼ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਰਾਮ ਸਿੰਘ ਨੂੰ ਉਨ੍ਹਾਂ ਦੇ ਨਾਲ ਭੇਜਿਆ ਤਾਂ ਜੋ ਹਰ ਫ਼ੈਸਲਾ ਗੁਰਮਤਿ ਮਰਯਾਦਾ ਅਨੁਸਾਰ ਲਿਆ ਜਾ ਸਕੇ।ਅਕਤੂਬਰ 1708 ਵਿੱਚ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋ ਕੁਝ ਸਮਾਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁੱਠੀ ਭਰ ਸਿੰਘਾਂ ਨਾਲ ਲਗਭਗ 1600 ਕਿਲੋਮੀਟਰ ਦਾ ਲੰਮਾ ਸਫ਼ਰ ਸ਼ੁਰੂ ਕੀਤਾ। ਉਨ੍ਹਾਂ ਨੇ ਰਸਤੇ ਵਿੱਚ ਪੰਜਾਬ ਦੀਆਂ ਸਿੱਖ ਸੰਗਤਾਂ ਨੂੰ ਗੁਰੂ ਸਾਹਿਬ ਦੇ 'ਹੁਕਮਨਾਮੇ' ਭੇਜੇ, ਜਿਨ੍ਹਾਂ ਵਿੱਚ ਸੰਗਤ ਨੂੰ ਬਾਬਾ ਬੰਦਾ ਸਿੰਘ ਦੀ ਅਗਵਾਈ ਹੇਠ ਇਕੱਠੇ ਹੋ ਕੇ ਮੁਗ਼ਲ ਹਕੂਮਤ ਵਿਰੁੱਧ ਲੜਨ ਲਈ ਕਿਹਾ ਗਿਆ ਸੀ।

ਮਹਾਰਾਸ਼ਟਰ ਅਤੇ ਰਾਜਸਥਾਨ ਰਾਹੀ ਗੁਪਤ ਰੂਪ ਵਿੱਚ ਅੱਗੇ ਵਧਦੇ ਹੋਏ ਉਹ ਸਤੰਬਰ 1709 ਵਿੱਚ ਸੋਨੀਪਤ ਪਹੁੰਚੇ, ਜਿੱਥੇ ਪਹਿਲੀਆਂ ਮਹੱਤਵਪੂਰਨ ਫ਼ੌਜੀ ਕਾਰਵਾਈਆਂ ਵਿੱਚੋ ਇੱਕ ਅਹਿਮ ਫ਼ੌਜੀ ਕਾਰਵਾਈ ਕਰਦਿਆਂ ਉਨ੍ਹਾਂ ਨੇ ਮੁਗ਼ਲ ਖ਼ਜ਼ਾਨੇ 'ਤੇ ਕਬਜ਼ਾ ਕੀਤਾ।

ਜਿਉ-ਜਿਉ ਗੁਰੂ ਸਾਹਿਬ ਦੇ ਹੁਕਮਨਾਮੇ ਮਾਲਵੇ ਅਤੇ ਹੋਰ ਇਲਾਕਿਆਂ ਵਿੱਚ ਪਹੁੰਚੇ, ਸਿੱਖ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਉਨ੍ਹਾਂ ਨਾਲ ਜੁੜਨ ਲੱਗੀਆਂ। ਛੱਬੀ ਨਵੰਬਰ 1709 ਨੂੰ ਉਨ੍ਹਾਂ ਨੇ ਸਮਾਣਾ 'ਤੇ ਕਬਜ਼ਾ ਕੀਤਾ। ਇਹ ਜਿੱਤ ਬਹੁਤ ਅਹਿਮ ਸੀ ਕਿਉਂਕਿ ਇੱਥੇ ਹੀ ਸਾਹਿਬਜ਼ਾਦਿਆਂ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਨਾਲ ਜੁੜੇ ਜੱਲਾਦ ਰਹਿੰਦੇ ਸਨ। ਉਨ੍ਹਾਂ ਨੂੰ ਸਜ਼ਾ ਦੇ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਦੇਸ਼ ਦਿੱਤਾ ਕਿ ਜ਼ੁਲਮ ਦਾ ਅੰਤ ਨਿਸ਼ਚਿਤ ਹੈ।

ਸਮਾਣਾ ਦੀ ਜਿੱਤ ਨੇ ਸਿੱਖਾਂ ਨੂੰ ਆਰਥਿਕ ਮਜ਼ਬੂਤੀ ਅਤੇ ਵੱਡੇ ਕਿਲ੍ਹੇ ਜਿੱਤਣ ਦਾ ਵਿਸ਼ਵਾਸ ਪ੍ਰਦਾਨ ਕੀਤਾ। ਇੱਥੋ ਦੇ ਪ੍ਰਬੰਧ ਲਈ ਭਾਈ ਫ਼ਤਹਿ ਸਿੰਘ ਨੂੰ ਸੂਬੇਦਾਰ ਨਿਯੁਕਤ ਕੀਤਾ ਗਿਆ, ਜੋ ਖ਼ਾਲਸਾ ਪ੍ਰਸ਼ਾਸਨ ਦੀ ਪਹਿਲੀ ਕੜੀ ਸੀ। ਬਾਬਾ ਬੰਦਾ ਸਿੰਘ ਦੀਆਂ ਫ਼ੌਜਾਂ ਘੁੜਾਮ, ਠਸਕਾ (ਨੇੜੇ ਥਾਨੇਸਰ), ਸ਼ਾਹਬਾਦ ਅਤੇ ਮੁਸਤਫ਼ਾਬਾਦ ਨੂੰ ਜਿੱਤਦੀਆਂ ਹੋਈਆਂ ਸਢੌਰਾ ਪਹੁੰਚੀਆਂ, ਜਿੱਥੇ ਪੀਰ ਬੁੱਧੂ ਸ਼ਾਹ ਨੂੰ ਸ਼ਹੀਦ ਕਰਨ ਵਾਲੇ ਉਸਮਾਨ ਖ਼ਾਨ ਨੂੰ ਸਜ਼ਾ ਦਿੱਤੀ ਗਈ। ਕੁਝ ਇਤਹਾਸਕ ਹਵਾਲਿਆਂ ਅਨੁਸਾਰ ਥਾਨੇਸਰ ਦਾ ਪ੍ਰਬੰਧ ਭਾਈ ਰਾਮ ਸਿੰਘ ਨੂੰ ਸੌਂਪਿਆ ਗਿਆ। ਮਈ 1710 ਤੱਕ ਪਟਿਆਲਾ, ਸੰਗਰੂਰ ਅਤੇ ਬਠਿੰਡਾ ਦੇ ਇਲਾਕਿਆਂ ਤੋ ਸਿੱਖ ਜਥੇ ਅਤੇ ਬਾਂਗਰ-ਖਾਦਰ ਦੇ ਇਲਾਕਿਆਂ ਤੋ ਸਿੱਖਾਂ ਸਮੇਤ ਲਗਾਨ ਤੋ ਦੁਖੀ ਕਿਸਾਨ ਅਤੇ ਆਮ ਲੋਕ ਵੱਡੀ ਗਿਣਤੀ ਵਿੱਚ ਬਾਬਾ ਬੰਦਾ ਸਿੰਘ ਦੀ ਅਗਵਾਈ ਵਿੱਚ ਬਨੂੜ ਲਾਗੇ ਇਕੱਠੇ ਹੋ ਗਏ।

ਬਾਰਾਂ ਮਈ 1710 ਨੂੰ ਸਰਹਿੰਦ ਨੇੜੇ ਚੱਪੜਚਿੜੀ ਦੇ ਮੈਦਾਨ ਵਿੱਚ ਇਤਿਹਾਸਕ ਜੰਗ ਹੋਈ। ਰਵਾਇਤੀ ਵਰਣਨਾਂ ਅਨੁਸਾਰ ਮਾਝੇ ਦੇ ਕੁਝ ਸਿੱਖ ਰੋਪੜ ਵਾਲੇ ਪਾਸਿਓ ਅੱਗੇ ਵਧੇ ਜਦੋਂਕਿ ਬਾਬਾ ਬੰਦਾ ਸਿੰਘ ਦੀ ਅਗਵਾਈ ਹੇਠ ਮੁੱਖ ਸਿੱਖ ਤਾਕਤ ਬਨੂੜ ਵਾਲੇ ਪਾਸੇ ਤੋ ਚੱਪੜਚਿੜੀ ਪਹੁੰਚੀ। ਵਜ਼ੀਰ ਖ਼ਾਨ ਕੋਲ ਵਿਸ਼ਾਲ ਫ਼ੌਜ, ਹਾਥੀ ਅਤੇ ਭਾਰੀ ਤੋਪਖਾਨਾ ਸੀ ਜਦੋਂਕਿ ਸਿੱਖਾਂ ਕੋਲ ਸਿਰਫ਼ ਹੌਸਲਾ ਅਤੇ ਸ਼ਸਤਰ ਸਨ। ਸ਼ੁਰੂਆਤ ਵਿੱਚ ਸਿੱਖਾਂ ਕੋਲ ਤੋਪਾਂ ਨਾ ਹੋਣ ਕਾਰਨ ਨੁਕਸਾਨ ਹੋਇਆ ਅਤੇ ਕੁਝ ਮੋਕਾਪ੍ਰਸਤ ਲੋਕ ਮੈਦਾਨ ਛੱਡ ਗਏ। ਅਜਿਹੇ ਨਾਜ਼ੁਕ ਮੋੜ 'ਤੇ ਬਾਬਾ ਬੰਦਾ ਸਿੰਘ ਬਹਾਦਰ ਖ਼ੁਦ ਇੱਕ ਉੱਚੇ ਟਿੱਬੇ ਤੋ ਹੇਠਾਂ ਉਤਰੇ ਅਤੇ ਮੋਰਚੇ ਦੀ ਅਗਵਾਈ ਕੀਤੀ। ਸਿੰਘਾਂ ਨੇ ਅਜਿਹਾ ਜ਼ਬਰਦਸਤ ਹੱਲਾ ਕੀਤਾ ਕਿ ਮੁਗ਼ਲ ਤੋਪਖਾਨਾ ਨਕਾਰਾ ਹੋ ਗਿਆ। ਜੰਗ ਦੌਰਾਨ ਜਦੋ ਵਜ਼ੀਰ ਖ਼ਾਨ ਹਾਥੀ 'ਤੇ ਸਵਾਰ ਹੋ ਕੇ ਹਮਲਾਵਰ ਹੋਇਆ ਤਾਂ ਭਾਈ ਬਾਜ਼ ਸਿੰਘ ਅਤੇ ਭਾਈ ਫ਼ਤਹਿ ਸਿੰਘ ਨੇ ਬੇਮਿਸਾਲ ਬਹਾਦਰੀ ਦਿਖਾਈ। ਭਾਈ ਫ਼ਤਹਿ ਸਿੰਘ ਦੇ ਤੇਗ਼ ਦੇ ਵਾਰ ਨੇ ਵਜ਼ੀਰ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਵਜ਼ੀਰ ਖ਼ਾਨ ਦੀ ਮੌਤ ਨਾਲ ਮੁਗ਼ਲ ਫ਼ੌਜ ਵਿੱਚ ਭਗਦੜ ਮਚ ਗਈ।

ਮੁਗ਼ਲ ਫ਼ੌਜ ਜਾਨਾਂ ਬਚਾ ਕੇ ਸਰਹਿੰਦ ਦੇ ਕਿਲ੍ਹੇ ਵਿੱਚ ਲੁਕ ਗਈ। ਸਿੱਖਾਂ ਨੇ ਕਿਲ੍ਹੇ ਦੀਆਂ ਕੰਧਾਂ 'ਤੇ ਪੌੜੀਆਂ ਲਾਈਆਂ ਅਤੇ ਦਰਵਾਜ਼ੇ ਤੋੜ ਕੇ ਅੰਦਰ ਦਾਖ਼ਲ ਹੋਏ। ਅੰਤ 14 ਮਈ 1710 ਨੂੰ ਸਰਹਿੰਦ 'ਤੇ ਖ਼ਾਲਸਾ ਰਾਜ ਦਾ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ। ਵਜ਼ੀਰ ਖ਼ਾਨ ਦਾ ਪਰਿਵਾਰ ਅਤੇ ਕਈ ਅਮੀਰ ਅਹੁਦੇਦਾਰ ਖ਼ਜ਼ਾਨਾ ਲੈ ਕੇ ਪਹਿਲਾਂ ਹੀ ਦਿੱਲੀ ਵੱਲ ਫ਼ਰਾਰ ਹੋ ਗਏ ਸਨ। ਸਾਹਿਬਜ਼ਾਦਿਆਂ ਵਿਰੁੱਧ ਜ਼ਹਿਰ ਉਗਲਣ ਵਾਲੇ ਦੀਵਾਨ ਸੁੱਚਾ ਨੰਦ ਨੂੰ ਫੜ ਕੇ ਸਖ਼ਤ ਸਜ਼ਾ ਦਿੱਤੀ ਗਈ।

ਬੇਮਿਸਾਲ ਜਿੱਤਾਂ ਅਤੇ ਅਥਾਹ ਬਹਾਦਰੀ ਕਾਰਨ ਬਾਬਾ ਬੰਦਾ ਸਿੰਘ ਬਾਅਦ ਦੇ ਇਤਿਹਾਸ ਵਿੱਚ 'ਬੰਦਾ ਸਿੰਘ ਬਹਾਦਰ' ਦੇ ਨਾਂ ਨਾਲ ਪ੍ਰਸਿੱਧ ਹੋਏ। ਉਨ੍ਹਾਂ ਨੇ ਭਾਈ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਬਣਾਇਆ ਅਤੇ ਲੋਹਗੜ੍ਹ (ਮੁਖ਼ਲਿਸਪੁਰ) ਨੂੰ ਆਪਣੀ ਰਾਜਧਾਨੀ ਐਲਾਨਿਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕੇ ਜਾਰੀ ਕੀਤੇ। ਉਨ੍ਹਾਂ ਸਭ ਤੋ ਅਹਿਮ ਕਾਰਜ ਕਰਦਿਆਂ ਜ਼ਿਮੀਦਾਰੀ ਪ੍ਰਥਾ ਖ਼ਤਮ ਕਰਕੇ ਹਲ ਵਾਹੁਣ ਵਾਲੇ ਕਿਸਾਨਾਂ ਨੂੰ ਜ਼ਮੀਨਾਂ ਦੇ ਅਸਲ ਮਾਲਕ ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਦਾ ਇਹ ਰਾਜ ਬਰਾਬਰੀ, ਇਨਸਾਫ਼ ਅਤੇ ਜ਼ੁਲਮ ਦੇ ਖ਼ਾਤਮੇ ਦਾ ਪ੍ਰਤੀਕ ਸੀ, ਜਿਸ ਨੇ ਸਿੱਖ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ।

ਇੰਗਲੈਂਡ ਦੀ ਪਹਿਲੀ ਸਿੱਖ ਰਗਬੀ ਖਿਡਾਰਨ ਮਨਜਿੰਦਰ ਨਾਗਰਾ, ਹੁਣ ਸੁਮੋ ਰੈਸਲਰ ਬਣੀ

ਡੈਨੀਏਲ ਮਾਲਗਵੀ

ਇੰਗਲੈਂਡ ਦੀ ਪਹਿਲੀ ਸਿੱਖ ਮਹਿਲਾ ਰਗਬੀ ਖਿਡਾਰਨ ਵਜੋ ਇਤਿਹਾਸ ਰਚਣ ਵਾਲੀ ਮਨਜਿੰਦਰ ਨਾਗਰਾ 51 ਸਾਲਾ ਦੀ ਉਮਰ ਵਿੱਚ ਵੀ ਹੌਸਲੇ ਅਤੇ ਜ਼ਜ਼ਬੇ ਦੀ ਮਿਸਾਲ ਬਣੀ ਹੋਈ ਹੈ। ਖੇਡ ਦੇ ਮੈਦਾਨ ਵਿੱਚ ਉਨ੍ਹਾਂ ਦੀ ਯਾਤਰਾ ਰਗਬੀ ਦੇ ਸਕਰਮ ਤੋਂ ਸ਼ੁਰੂ ਹੋਈ, ਪਰ ਹੁਣ ਉਹ ਸੁਮੋ ਰੈਸਲਿੰਗ ਦੇ ਅਖਾੜੇ ਵਿੱਚ ਆਪਣੀ ਪਛਾਣ ਬਣਾ ਰਹੇ ਹਨ। ਸੁਮੋ ਰੈਸਲਿੰਗ ਖੇਡ ਵਿੱਚ ਨਵੀ ਹੋਣ ਦੇ ਬਾਵਜੂਦ ਮਨਜਿੰਦਰ ਨਾਗਰਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਭਾਰ ਵਰਗ ਵਿੱਚ ਕੌਮੀ ਚੈਪੀਅਨ ਬਣ ਕੇ ਸਭ ਨੂੰ ਹੈਰਾਨ ਕਰ ਦਿੱਤਾ। ਹੁਣ 51 ਸਾਲ ਦੀ ਉਮਰ ਵਿੱਚ ਉਹ ਸੁਮੋ ਰੈਸਲਿੰਗ ਵਿੱਚ ਇੰਗਲੈਂਡ ਦੀ ਨੁਮਾਇੰਦਗੀ ਕਰ ਰਹੇ ਹਨ, ਜੋ ਆਪਣੇ ਆਪ ਵਿੱਚ ਇੱਕ ਵੱਡੀ ਉਪਲਬਧੀ ਹੈ। ਦਰਅਸਲ, ਮਨਜਿੰਦਰ ਨਾਗਰਾ 30 ਸਾਲ ਪਹਿਲਾਂ ਇੰਗਲੈਂਡ ਲਈ ਰਗਬੀ ਖੇਡਣ ਵਾਲੀ ਪਹਿਲੀ ਸਿੱਖ ਮਹਿਲਾ ਬਣੇ ਸੀ। ਮਨਜਿੰਦਰ ਨਾਗਰਾ ਪਿਛਲੇ ਮਹੀਨੇ ਆਪਣੇ ਭਾਰ ਵਰਗ ਵਿੱਚ ਕੌਮੀ ਚੈਪੀਅਨ ਬਣ ਗਏ ਅਤੇ ਹੁਣ ਜੂਨ ਵਿੱਚ ਸਕਾਟਲੈਂਡ ਵਿੱਚ ਹੋਣ ਵਾਲੀਆਂ ਯੂਰਪੀ ਸੁਮੋ ਰੈਸਲਿੰਗ ਚੈਪੀਅਨਸ਼ਿਪ ਲਈ ਟ੍ਰੇਨਿੰਗ ਕਰ ਰਹੇ ਹਨ। ਯੂਕੇ ਦੇ ਹੋਵ ਵਿੱਚ ਰਹਿਣ ਵਾਲੀ ਮਨਜਿੰਦਰ ਤਿੰਨ ਬੱਚਿਆਂ ਦੀ ਮਾਂ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਚੈਪੀਅਨਸ਼ਿਪ ਲਈ ਚੁਣਿਆ ਜਾਣਾ 'ਬੜੇ ਮਾਣ' ਦੀ ਗੱਲ ਹੈ।

ਉਨ੍ਹਾਂ ਨੇ ਕਿਹਾ, "ਮੈਨੂੰ ਨਹੀ ਲੱਗਿਆ ਸੀ ਕਿ 51 ਸਾਲ ਦੀ ਉਮਰ ਵਿੱਚ ਮੈ ਸੁਮੋ ਸ਼ੁਰੂ ਕਰਾਂਗੀ, ਪਰ ਜ਼ਿੰਦਗੀ ਵਿੱਚ ਦੇ ਵਾਰ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨਾ ਇੱਕ ਸੁਪਨਾ ਹੈ, ਇਸ ਲਈ ਮੈ ਇਸ ਮੌਕੇ ਨੂੰ ਦੋਵੇ ਹੱਥਾਂ ਨਾਲ ਫੜ੍ਹਨਾ ਚਾਹੁੰਦੀ ਹਾਂ।"

ਸੁਮੋ ਵੱਲ ਕਿਵੇਂ ਵਧੇ

ਉਨ੍ਹਾਂ ਦੀ ਜਾਣ-ਪਛਾਣ ਸੁਮੋ ਰੈਸਲਿੰਗ ਨਾਲ ਉਸ ਵੇਲੇ ਹੋਈ ਜਦੋ ਸੁਮੋ ਚੈਪੀਅਨ ਮਨਦੀਪ ਸਿੰਘ ਕੁੰਦੀ ਨੂੰ ਸਿੱਖ ਗੇਮਜ਼ ਦੇ ਐਬੈਸਡਰ ਵਜੋ ਸ਼ਾਮਲ ਕੀਤਾ ਗਿਆ, ਜਿਨ੍ਹਾਂ ਨੇ ਸੁਝਾਅ ਦਿੱਤਾ ਕਿ ਉਹ ਮਾਰਚ ਵਿੱਚ ਉਨ੍ਹਾਂ ਦੇ ਕਲੱਬ ਵੱਲੋ ਕਰਵਾਈ ਜਾ ਰਹੀ ਮੁਕਾਬਲੇ ਵਿੱਚ ਹਿੱਸਾ ਲੈ ਸਕਦੇ ਹਨ। ਯੂਕੇ ਅਧਾਰਿਤ ਇੱਕ ਗ਼ੈਰ-ਮੁਨਾਫ਼ਾ ਸੰਸਥਾ ਹੈ, ਸਿੱਖ ਗੇਮਜ਼, ਜਿਸ ਦੀ ਮਨਜਿੰਦਰ ਨਾਗਰਾ ਵੀ ਐਬੈਸਡਰ ਹਨ ਅਤੇ ਇਸਦਾ ਮਕਸਦ ਖੇਡਾਂ ਵਿੱਚ ਨਸਲੀ ਘੱਟ ਗਿਣਤੀ ਭਾਈਚਾਰੇ ਦੀ ਭਾਗੀਦਾਰੀ ਵਧਾਉਣਾ ਅਤੇ ਭਾਈਚਾਰਿਆਂ ਨੂੰ ਜੋੜਨਾ ਹੈ।

ਉਨ੍ਹਾਂ ਨੇ ਕਿਹਾ, "ਹਾਲੇ ਵੀ ਇਹ ਧਾਰਨਾ ਹੈ, ਜੋ ਮੇਰੇ ਖ਼ਿਆਲ ਵਿੱਚ ਇੱਕ ਮਿਥ ਹੈ, ਕਿ ਏਸ਼ੀਆਈ ਲੋਕਾਂ ਨੂੰ ਖੇਡਾਂ ਪਸੰਦ ਨਹੀ... ਅਤੇ ਉਹ ਸਿਰਫ਼ ਆਪਣੇ ਕਰੀਅਰ ਬਾਰੇ ਹੀ ਸੋਚਦੇ ਹਨ।"

"ਮੈ ਸਮਝਦੀ ਹਾਂ ਕਿ ਹੁਣ ਜਾਗਰੂਕਤਾ ਜ਼ਰੂਰ ਵਧ ਰਹੀ ਹੈ, ਪਰ ਫਿਰ ਵੀ ਰੁਕਾਵਟਾਂ ਮੌਜੂਦ ਹਨ ਅਤੇ ਇਹ ਕਹਿਣਾ ਕਿ ਅਜਿਹਾ ਨਹੀ ਹੈ, ਗ਼ਲਤ ਹੋਵੇਗਾ।"

ਉਨ੍ਹਾਂ ਨੇ ਕਿਹਾ ਕਿ ਅਜੇ ਵੀ ਕਈ ਸਮਾਜਿਕ ਅਤੇ ਸੱਭਿਆਚਾਰਕ ਰੁਕਾਵਟਾਂ ਹਨ ਜੋ ਏਸ਼ੀਆਈ ਮੂਲ ਦੇ ਲੋਕਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਤੋਂ ਰੋਕਦੀਆਂ ਹਨ।

ਇਸ ਚੈਪੀਅਨਸ਼ਿਪ ਵਿੱਚ ਹਿੱਸਾ ਲੈ ਕੇ ਨਾਗਰਾ ਨੇ ਕਿਹਾ ਕਿ ਉਹ ਉਮੀਦ ਰੱਖਦੀ ਹੈ ਕਿ ਉਹ ਨੌਜਵਾਨ ਕੁੜੀਆਂ ਲਈ ਇੱਕ ਰੋਲ ਮਾਡਲ ਬਣ ਸਕੇਗੀ, ਜਿਵੇ ਉਸ ਦੇ ਅੱਗੇ ਵਧਣ ਸਮੇ ਨਹੀ ਸੀ। ਉਨ੍ਹਾਂ ਨੇ ਕਿਹਾ, "ਜੇ ਤੁਸੀ ਕੋਸ਼ਿਸ਼ ਨਹੀ ਕਰੋਗੇ ਤਾਂ ਤੁਹਾਨੂੰ ਕਦੇ ਪਤਾ ਨਹੀ ਲੱਗੇਗਾ। ਮੈਨੂੰ ਨਹੀ ਪਤਾ ਕਿ ਇਹ ਮੌਕਾ ਮੈਨੂੰ ਕਿੱਥੇ ਲੈ ਕੇ ਜਾਵੇਗਾ, ਪਰ ਇਹ ਕਾਫ਼ੀ ਰੋਮਾਂਚਕ ਹੈ।"

ਕੈਨੇਡਾ ਦੇ ਖੇਡ ਦੇ ਮੈਦਾਨਾਂ ਦੀ ਬਣਤਰ ਤੇ ਯੋਜਨਾਬੰਦੀ

ਪ੍ਰਿੰਸੀਪਲ ਵਿਜੇ ਕੁਮਾਰ

ਕੈਨੇਡਾ ਦੇ ਖੇਡ ਦੇ ਮੈਦਾਨਾਂ ਦੀ ਬਣਤਰ ਦੇਖਣਯੋਗ ਹੈ। ਕੈਨੇਡਾ ਦੀਆਂ ਸਰਕਾਰਾਂ ਨੇ ਸਾਰੀ ਦੁਨੀਆ ਦੇ ਲੋਕਾਂ ਦਾ ਧਿਆਨ ਆਪਣੇ ਮੁਲਕ ਵੱਲ ਖਿੱਚਣ ਲਈ ਆਪਣੇ ਮਾਹਿਰਾਂ ਦੇ ਮਾਧਿਅਮ ਰਾਹੀ ਇਹ ਯੋਜਨਾ ਜ਼ਰੂਰ ਬਣਾਈ ਹੋਵੇਗੀ ਕਿ ਇਸ ਦੇਸ਼ ਦਾ ਨਿਰਮਾਣ ਇਸ ਢੰਗ ਨਾਲ ਕੀਤਾ ਜਾਵੇ, ਇਸ ਨੂੰ ਇੰਨਾ ਜ਼ਿਆਦਾ ਸੋਹਣਾ ਬਣਾਇਆ ਜਾਵੇ ਕਿ ਦੁਨੀਆ ਭਰ ਦੇ ਦੇਸ਼ਾਂ ਦੇ ਲੋਕ ਇੱਥੇ ਘੁੰਮਣ ਫਿਰਨ ਆਉਣ ਤੇ ਸਦਾ ਲਈ ਇੱਥੇ ਹੀ ਵਸਣ ਲਈ ਮਜਬੂਰ ਹੋ ਜਾਣ।

ਇਸ ਦਾ ਸੁਹੱਪਣ, ਸ਼ੁੱਧ ਵਾਤਾਵਰਨ, ਸੈਰ ਗਾਹਾਂ, ਪਾਰਕਾਂ, ਝੀਲਾਂ ਅਤੇ ਯੋਜਨਬੱਧ ਢੰਗ ਨਾਲ ਬਣਾਏ ਗਏ ਖੇਡ ਦੇ ਮੈਦਾਨਾਂ ਨੇ ਦੁਨੀਆ ਭਰ ਦੇ 162 ਦੇਸ਼ਾਂ ਦੇ 5 ਕਰੋੜ ਲੋਕਾਂ ਨੂੰ ਇੱਥੇ ਵਸਣ ਲਈ ਮਜਬੂਰ ਕਰ ਦਿੱਤਾ ਹੈ। ਜਿਹੜਾ ਇਸ

ਈ.ਓ.ਨਹੀਂ ਦੇ ਰਿਹਾ ਅਕਾਲੀ ਉਮੀਦਵਾਰਾਂ ਨੂੰ ਐਨ.ਓ.ਸੀ.: ਮਜੀਠੀਆ

ਮਜੀਠਾ, 14 ਮਈ (ਅਸ਼ਵਨੀ ਨਈਅਰ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਕਿਹਾ ਕਿ ਮਜੀਠਾ ਨਗਰ ਕੌਂਸਲ ਦਾ ਕਾਰਜਕਾਰੀ ਅਫਸਰ (ਈ.ਓ.) ਆਉਂਦੀਆਂ ਨਗਰ ਕੌਂਸਲ ਚੋਣਾਂ ਵਾਸਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਐਨ. ਓ. ਸੀ. ਜਾਰੀ ਨਹੀਂ ਕਰ ਰਿਹਾ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਜ਼ੋਰ ਦੇ ਕੇ ਕਿਹਾ ਕਿ ਅੰਮ੍ਰਿਤਸਰ ਅਤੇ ਆਲੇ ਦੁਆਲੇ ਦੇ ਜ਼ਿਲ੍ਹਿਆਂ ਵਿੱਚ ਇਹੋ ਹਾਲਾਤ ਹਨ। ਉਹਨਾਂ ਕਿਹਾ ਕਿ ਖੁਦ ਅਫਸਰ ਦੱਸ ਰਹੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਫਸਰਸ਼ਾਹੀ ਨੂੰ ਹੁਕਮ ਦਿੱਤੇ ਹਨ ਕਿ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਐਨ ਓ ਸੀ ਜਾਰੀ ਨਾ ਕੀਤੀ ਜਾਵੇ। ਉਹਨਾਂ ਕਿਹਾ ਕਿ ਪਾਰਟੀ ਦੇ ਆਗੂ ਦਿਲਬਾਗ ਸਿੰਘ ਤੇ ਸਤਵੰਤ ਸੇਠ ਨੇ ਪਾਰਟੀ ਉਮੀਦਵਾਰਾਂ ਵਾਸਤੇ ਐਨ ਓ ਸੀ ਲੈਣ ਵਾਸਤੇ ਈ ਓ ਦਫਤਰ ਵਿਖੇ ਪਹੁੰਚ ਕੀਤੀ ਅਤੇ ਇਹਨਾਂ ਆਗੂਆਂ ਨੇ ਲਿਖਤੀ ਤੌਰ 'ਤੇ ਦੱਸਿਆ ਕਿ ਜੇਕਰ ਹਾਊਸ ਟੈਕਸ ਜਾਂ ਕਿਸੇ ਵੀ ਹੋਰ ਤਰੀਕੇ ਦੇ ਸਰਟੀਫਿਕੇਟ ਵਿਚ ਕੋਈ ਉਣਤਾਈ ਹੈ ਤਾਂ ਸਾਨੂੰ ਦਰੁੱਸਤ ਕਰਨ ਦਾ ਮੌਕਾ ਦਿੱਤਾ ਜਾਵੇ। ਉਹਨਾਂਕਿਹਾ ਕਿ ਬਜਾਏ ਪਾਰਟੀ ਆਗੂਆਂ ਦੀ ਗੱਲ ਸੁਣਨ ਦੇ ਈ ਓ ਆਪਣੇ ਦਫਤਰ ਤੋਂ ਹੀ ਭੱਜ ਗਿਆ, ਜਿੱਥੇ ਉਸਨੇ ਸ਼ਾਮ 5.00 ਵਜੇ ਤੱਕ ਬਹਿਣਾ ਸੀ। ਮਜੀਠੀਆ ਨੇ ਇਹ ਵੀ ਦੱਸਿਆ ਕਿ ਮਜੀਠਾ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਈ ਓ ਨੂੰ ਫੋਨ ਕਰਨ ਦਾ ਡਰਾਮਾ ਕਰ ਰਹੇ ਹਨ। ਹੁਕਮ ਦੇ ਰਹੇ ਹਨ ਕਿ ਸਭ ਨੂੰ ਐਨ ਓ ਸੀ ਦਿੱਤੀ ਜਾਵੇ। ਉਹਨਾਂ ਕਿਹਾ ਕਿ ਭਾਵੇਂ ਇਹ ਡਰਾਮਾ ਉਦੋਂ ਬੇਨਕਾਬ ਹੋ ਗਿਆ, ਜਦੋਂ ਈ ਓ ਨੇ ਪੁੱਛਿਆ ਕਿ ਕੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੀ ਐਨ ਓ ਸੀ ਦੇਣੀ ਹੈ ? ਅਤੇ ਜਦੋਂ ਈ ਓ ਨੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਐਨ ਓ ਸੀ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਮੁਖੌਟਾ ਪੂਰੀ ਤਰ੍ਹਾਂ ਉਤਰ ਗਿਆ।

ਭਗਵਾਨ ਵਾਲਮੀਕਿ ਤੀਰਥ ਸਥੱਲ ਵਿਖੇ 17.72 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ

ਸੀਚੇਵਾਲ, ਈ:ਟੀ:ਓ ਤੇ ਸ੍ਰੀ ਬਾਲ ਜੋਗੀ ਨੇ ਵਿਕਾਸ ਕਾਰਜ ਸ਼ੁਰੂ ਕਰਵਾਏ

ਅੰਮ੍ਰਿਤਸਰ, 14 ਮਈ (ਗੁਰਦਿਆਲ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭਗਵਾਨ ਵਾਲਮੀਕਿ ਤੀਰਥ ਸਥੱਲ ਦੇ ਵਿਕਾਸ ਲਈ 17 ਕਰੋੜ 72 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਅੱਜ ਸ਼ੁਰੂਆਤ ਕੀਤੀ ਗਈ ਹੈ। ਇਨ੍ਹਾਂ ਵਿਕਾਸ ਕਾਰਜਾਂ ਦਾ ਉਦਘਾਟਨ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ, ਸੂਬੇ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਸ਼ਰਾਇਨ ਬੋਰਡ ਦੇ ਐਡਵਾਈਜਰੀ ਬੋਰਡ ਦੇ ਚੇਅਰਮੈਨ ਸ੍ਰੀ ਬਾਲ ਜੋਗੀ ਪ੍ਰਗਟ ਨਾਥ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦੇ ਹੋਏ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਇਸ ਪਾਵਨ ਅਸਥਾਨ ਦੇ ਵਿਕਾਸ ਵਿੱਚ ਕੋਈ ਕਮੀਂ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਵੱਲੋਂ ਦਰਸਾਏ ਪਿਆਰ, ਤਿਆਗ ਤੇ ਦੀਨ ਦੁਖੀਆਂ ਦੀ ਸੇਵਾ ਦੇ ਰਸਤੇ ਨੂੰ ਅਪਣਾ ਕੇ ਇਕ ਬੇਹਤਰ ਸਮਾਜ ਦੀ ਸਿਰਜਣਾ ਕਰਨ ਦਾ ਸਾਨੂੰ ਸਾਰਿਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਦਿ ਕਵੀ ਭਗਵਾਨ ਵਾਲਮੀਕਿ ਜੀ ਦੀ ਅਮਰ ਰਚਨਾ ਮਹਾਨ ਮਹਾਕਾਵਿ ਰਮਾਇਣ ਰਹਿੰਦੀ ਦੁਨੀਆਂ ਤੱਕ ਲੋਕਾਈ ਨੂੰ ਸੱਚ ਦਾ ਰਾਹ ਦਿਖਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਇਹ ਪਹਿਲੀ ਸਰਕਾਰ ਹੈ, ਜੋ ਦੱਬੇ ਕੁਚਲੇ ਲੋਕਾਂ ਦੇ ਭਲੇ ਲਈ ਕੰਮ ਕਰ ਰਹੀ ਹੈ ਅਤੇ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਦੇ ਤੀਰਥ ਸਥੱਲ ਦੇ ਵਿਕਾਸ ਲਈ ਪੱਬਾਂ ਭਾਰ ਹੈ। ਇਸ ਮੌਕੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ:ਟੀ:ਓ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਰਾਜ ਸਰਕਾਰ ਵੱਲੋਂ ਭਗਵਾਨ ਵਾਲਮੀਕਿ ਜੀ ਤੀਰਥ ਸਥੱਲ ਦੇ ਵਿਕਾਸ ਲਈ 17.72 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਰੀਬ 2.8 ਕਰੋੜ ਰੁਪਏ ਦੀ ਲਾਗਤ ਨਾਲ ਮੁੱਖ ਮੰਦਿਰ ਦੀ ਪੇਟਿੰਗ/ਪਾਲਿਸਿੰਗ ਦਾ ਕੰਮ, ਮੰਦਿਰ ਨੂੰ ਜਾਂਦੇ ਰਸਤੇ ਦੇ ਪਿੱਲਰਾਂ ਦੀ ਮੁਰੰਮਤ ਦਾ ਕੰਮ, ਸੈਂਡ ਸਟੋਨ ਪੱਥਰ ਦੀ ਸਿਲੀਕਾਨ ਕਟਿੰਗ ਦਾ ਕੰਮ ਕੀਤਾ ਜਾਵੇਗਾ। ਇਸ ਤੋਂ ਇਲਾਵਾ 3.74 ਕਰੋੜ ਰੁਪਏ ਦੀ ਲਾਗਤ ਨਾਲ ਪਵਿੱਤਰ ਸਰੋਵਰ ਦੀ ਸਾਫ ਸਫਾਈ ਜਿਸ ਵਿੱਚ ਸਰੋਵਰ ਵਿੱਚੋਂ ਗਾਰ ਕੱਢਣੀ, ਸਾਫ ਰੇਤ ਪਾਉਣੀ ਅਤੇ ਹੋਰ ਵਿਕਾਸ ਕਾਰਨ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ 2.42 ਕਰੋੜ ਰੁਪਏ ਦੀ ਲਾਗਤ ਨਾਲ ਸੰਗਤ ਹਾਲ ਦੇ ਪੱਥਰ ਦੀ ਰਿਪੇਅਰ, ਲੰਗਰ ਹਾਲ, ਸਰਾਂ, ਪੈਨੋਰਮਾ ਸਥਿਤ ਹਾਲ ਦੇ ਪੇਂਟ ਦਾ ਕੰਮ ਕੀਤਾ ਜਾਵੇਗਾ। ਕਰੀਬ 1.74 ਕਰੋੜ ਰੁਪਏ ਦੀ ਲਾਗਤ ਨਾਲ ਸ਼ਰਧਾਲੂਆਂ ਲਈ ਸਰਾਂ ਵਿੱਚ ਨਵਾਂ ਫਰਨੀਚਰ, ਏ:ਸੀ ਅਤੇ ਹੋਰ ਕੰਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਐੱਸ:ਟੀ:ਪੀ ਦੀ ਸਮਰਥਾ ਨੂੰ ਵਧਾਉਣਾ, ਸਾਰੇ ਬਾਥਰੂਮਾਂ ਦੀ ਮੁਰੰਮਤ, ਨਵੇਂ ਏ.ਸੀ. ਤੇ ਗੀਜਰ, ਫਾਇਰ ਸੇਫਟੀ ਸਿਸਟਮ ਆਦਿ ਦੇ ਕੰਮ ਵੀ ਕਰਵਾਏ ਜਾਣਗੇ, ਜਿਸ 'ਤੇ ਲੱਗਭੱਗ 5 ਕਰੋੜ ਤੋਂ ਵਧੇਰੇ ਰਾਸ਼ੀ ਖਰਚ ਹੋਵੇਗੀ।

ਕਰਮਜੀਤ ਸਿੰਘ ਰਿੰਟੂ ਵੱਲੋਂ ਸੜਕਾਂ ਅਤੇ ਗਲੀਆਂ ਬਣਾਉਣ ਦਾ ਉਦਘਾਟਨ

ਅੰਮ੍ਰਿਤਸਰ, 14 ਮਈ (ਬਬਲੂ ਮਹਾਜਨ): ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਉੱਤਰੀ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਕਰਮਜੀਤ ਸਿੰਘ ਰਿੰਟੂ ਨੇ ਰਾਮਨਗਰ ਪੰਚਾਇਤ ਵਿੱਚ ਸੜਕਾਂ ਅਤੇ ਗਲੀਆਂ ਬਣਾਉਣ ਦੇ ਵਿਕਾਸ ਕਾਰਜ ਦਾ ਉਦਘਾਟਨ ਕੀਤਾ। ਰਿੰਟੂ ਨੇ ਕਿਹਾ ਕਿ ਰਾਮਨਗਰ ਕਲੋਨੀ ਵਿੱਚ ਸੀਵਰੇਜ ਸਿਸਟਮ ਚੰਗੀ ਹਾਲਤ ਵਿੱਚ ਨਹੀਂ ਸੀ। ਸੀਵਰੇਜ ਸਿਸਟਮ ਨੂੰ ਬਿਹਤਰ ਬਣਾਉਣ ਲਈ, ਖੇਤਰ ਵਿੱਚ ਲੱਗਭੱਗ 250 ਸੀਵਰੇਜ ਚੈਂਬਰ ਬਣਾਏ ਗਏ ਸਨ। ਜਿੱਥੇ ਵੀ ਸੀਵਰੇਜ ਸਿਸਟਮ ਖਾਸ ਤੌਰ 'ਤੇ ਮਾੜਾ ਸੀ ਉੱਥੇ ਨਵਾਂ ਸੀਵਰੇਜ ਪਾਇਆ ਗਿਆ। ਇਸ ਤੋਂ ਇਲਾਵਾ, ਸਾਰੇ ਸੀਵਰੇਜ ਨੂੰ ਸੁਪਰ ਸਕਸ਼ਨ ਮਸ਼ੀਨਾਂ ਦੀ ਵਰਤੋਂ ਕਰਕੇ ਸਾਫ਼ ਕੀਤਾ ਗਿਆ। ਹੁਣ, ਇਸ ਖੇਤਰ ਦੇ ਲੋਕਾਂ ਨੂੰ ਸੀਵਰੇਜ ਦੀ ਕੋਈ ਸਮੱਸਿਆ ਨਹੀਂ ਆ ਰਹੀ।ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਸੜਕਾਂ ਅਤੇ ਗਲੀਆਂ ਬਣਾਉਣ ਦਾ ਵਿਕਾਸ ਕਾਰਜ ਅੱਜ ਸ਼ੁਰੂ ਕੀਤਾ ਗਿਆ ਹੈ, ਜੋ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਰਾਮਨਗਰ ਪੰਚਾਇਤ ਦੇ ਲੋਕਾਂ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਉਹ ਉੱਤਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਉਹ ਲੋਕਾਂ ਵਿੱਚ ਜਾਂਦੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਅਤੇ ਹੱਲ ਲੱਭਦੇ ਹਨ।

ਅੰਮ੍ਰਿਤਸਰ ਤੋਂ ਨਿਊ ਜਲਪਾਈਗੁੜੀ ਲਈ ਨਵੀਂ ਅੰਮ੍ਰਿਤ ਭਾਰਤ ਐਕਸਪ੍ਰੈਸ ਨੂੰ ਰਵਨੀਤ ਬਿੱਟੂ ਨੇ ਦਿਖਾਈ ਹਰੀ

ਅੰਮ੍ਰਿਤਸਰ, 14 ਮਈ (ਬਬਲੂ ਮਹਾਜਨ): ਭਾਰਤੀ ਰੇਲਵੇ ਵੱਲੋਂ ਯਾਤਰੀਆਂ ਨੂੰ ਸੁਵਿਧਾਜਨਕ ਸਫ਼ਰ ਮੁਹੱਈਆ ਕਰਵਾਉਣ ਲਈ ਅੰਮ੍ਰਿਤਸਰ ਤੋਂ ਨਿਊ ਜਲਪਾਈਗੁੜੀ ਵਿਚਕਾਰ ਨਵੀਂ ਅੰਮ੍ਰਿਤ ਭਾਰਤ ਐਕਸਪ੍ਰੈਸ ਟ੍ਰੇਨ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਅੱਜ ਅੰਮ੍ਰਿਤਸਰ (ਬਬਲੂ ਮਹਾਜਨ) ਅੰਮ੍ਰਿਤਸਰ ਸਟੇਸ਼ਨ ਪਹੁੰਚੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਟ੍ਰੇਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਰਵਨੀਤ ਬਿੱਟੂ ਨਾਲ ਰੇਲਵੇ ਦੇ ਸੀਨੀਅਰ ਅਧਿਕਾਰੀ, ਭਾਜਪਾ ਆਗੂ, ਰੇਲਵੇ ਕਰਮਚਾਰੀ ਅਤੇ ਵੱਡੀ ਗਿਣਤੀ ਵਿੱਚ ਯਾਤਰੀ ਮੌਜੂਦ ਰਹੇ। ਉਨ੍ਹਾਂ ਕਿਹਾ ਕਿ ਇਹ ਟ੍ਰੇਨ ਵੰਦੇ ਭਾਰਤ ਟ੍ਰੇਨ ਦਾ ਹੀ ਦੂਜਾ ਰੂਪ ਹੈ, ਜਿਸ ਕਾਰਨ ਇਸ ਦਾ ਨਾਂ 'ਅੰਮ੍ਰਿਤ ਭਾਰਤ' ਰੱਖਿਆ ਗਿਆ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਇਹ ਟ੍ਰੇਨ ਖਾਸ ਤੌਰ 'ਤੇ ਆਮ ਅਤੇ ਮੱਧ ਵਰਗ ਦੇ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਹੈ, ਤਾਂ ਜੋ ਉਹ ਵੀ ਘੱਟ ਖਰਚੇ ਵਿੱਚ ਆਧੁਨਿਕ ਸਹੂਲਤਾਂ ਨਾਲ ਸਫ਼ਰ ਕਰ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੂਰਬੀ ਭਾਰਤ ਵਿਚਕਾਰ ਯਾਤਰਾ ਕਰਨ ਵਾਲੇ ਲੋਕਾਂ ਅਤੇ ਸ਼ਰਧਾਲੂਆਂ ਨੂੰ ਇਸ ਟ੍ਰੇਨ ਨਾਲ ਵੱਡਾ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਧਾਰਮਿਕ ਪੱਖੋਂ ਮਹੱਤਵਪੂਰਨ ਸ਼ਹਿਰ ਹੈ, ਜਿੱਥੇ ਹਰ ਰੋਜ਼ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਇਸ ਟ੍ਰੇਨ ਰਾਹੀਂ ਹਰ ਵਰਗ ਦੇ ਲੋਕ ਆਸਾਨੀ ਨਾਲ ਸਫ਼ਰ ਕਰ ਸਕਣਗੇ। ਉਨ੍ਹਾਂ ਕਿਹਾ 130 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦੀ ਹੈ ਅਤੇ ਟ੍ਰੇਨ ਦਾ ਕਿਰਾਇਆ 50 ਤੋਂ 100 ਰੁਪਏ ਦੇ ਵਿਚਕਾਰ ਰੱਖਿਆ ਗਿਆ ਹੈ। ਰਵਨੀਤ ਬਿੱਟੂ ਨੇ ਕਿਹਾ ਕਿ ਜੇਕਰ ਇਸ ਟ੍ਰੇਨ ਨੂੰ ਯਾਤਰੀਆਂ ਵੱਲੋਂ ਵਧੀਆ ਹੁੰਗਾਰਾ ਮਿਲਦਾ ਹੈ ਤਾਂ ਭਵਿੱਖ ਵਿੱਚ ਹੋਰ ਅਜਿਹੀਆਂ ਟ੍ਰੇਨਾਂ ਵੀ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਟ੍ਰੇਨ ਵਿੱਚ ਯਾਤਰੀਆਂ ਲਈ ਸਾਰੀਆਂ ਜ਼ਰੂਰੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਸਰਬਜੀਤ ਸਿੰਘ ਸਰਬ ਸੰਮਤੀ ਨਾਲ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਬਣੇ

ਰਾਜਵਿੰਦਰ ਕੌਰ ਨੂੰ ਵੀ ਸਰਬਸੰਮਤੀ ਨਾਲ ਵਾਈਸ ਚੇਅਰਪਰਸਨ ਚੁਣਿਆ

ਅੰਮ੍ਰਿਤਸਰ, 14 ਮਈ (ਬਬਲੂ ਮਹਾਜਨ) : ਅੱਜ ਬੱਚਤ ਭਵਨ ਅੰਮ੍ਰਿਤਸਰ ਵਿਖੇ ਵਧੀਕ ਡਿਪਟੀ ਕਮਿਸ਼ਨਰ ਰੁਪਿੰਦਰਪਾਲ ਸਿੰਘ ਅਗਵਾਈ ਹੇਠ ਜ਼ਿਲ੍ਹਾ ਪ੍ਰੀਸ਼ਦ ਦੇ ਸਿੱਧੇ ਚੁਣੇ ਗਏ ਮੈਂਬਰਾਂ ਸਮੇਤ ਜ਼ਿਲ੍ਹੇ ਦੀਆਂ ਪੰਚਾਇਤ ਸਮੀਤੀਆਂ ਦੇ ਚੇਅਰਮੈਨਾਂ ਦੀ ਪਹਿਲੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਨਰਲ-ਕਮ-ਪ੍ਰੀਜਾਇਡਿੰਗ ਅਫ਼ਸਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਉਪ ਚੇਅਰਮੈਨ ਸਬੰਧੀ ਚੋਣ ਕਰਵਾਈ ਗਈ। ਇਸ ਚੋਣ ਵਿੱਚ ਸਰਬਸੰਮਤੀ ਨਾਲ ਸਰਬਜੀਤ ਸਿੰਘ ਨੂੰ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਚੁਣਿਆ ਗਿਆ ਜਦਕਿ ਸ੍ਰੀਮਤੀ ਰਾਜਵਿੰਦਰ ਕੌਰ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰੀਸ਼ਦ ਦੇ ਉਪ ਚੇਅਰਪਰਸਨ ਚੁਣੇ ਗਏ। ਇਸ ਮੌਕੇ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਚੇਅਰਮੈਨ ਸਰਬਜੀਤ ਸਿੰਘ ਅਤੇ ਉਪ ਚੇਅਰਪਰਸਨ ਸ੍ਰੀਮਤੀ ਰਾਜਵਿੰਦਰ ਕੌਰ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰੇ ਮੈਂਬਰਾਂ ਵਲੋਂ ਉਨ੍ਹਾਂ ਉੱਪਰ ਜੋ ਭਰੋਸਾ ਦਰਸਾਇਆ ਗਿਆ ਹੈ, ਉਹ ਉਸ ਤੇ ਪੂਰੀ ਤਰ੍ਹਾਂ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਇਕ ਸੁਰ ਵਿੱਚ ਕਿਹਾ ਕਿ ਉਨਾਂ ਦਾ ਮੁੱਖ ਮਕਸਦ ਜ਼ਿਲ੍ਹੇ ਦੇ ਪਿੰਡਾਂ ਦਾ ਵਿਕਾਸ ਕਰਨਾ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਜੋ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਹੋਰ ਲੋੜਵੰਦ ਤੱਕ ਪਹੁੰਚਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਉਹ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਜ਼ਿਲ੍ਹੇ ਵਿੱਚ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕਰਨਗੇ।

ਅਗਨੀਵੀਰ ਪ੍ਰੀਖਿਆ 1 ਜੂਨ ਤੋਂ

ਅੰਮ੍ਰਿਤਸਰ, 14 ਮਈ (ਬਬਲੂ ਮਹਾਜਨ): ਭਾਰਤੀ ਸੈਨਾ ਵਿੱਚ ਭਰਤੀ ਹੋਣ ਦੇ ਚਾਹਵਾਨ ਲੜਕੇ ਅਤੇ ਲੜਕੀਆਂ ਲਈ ਸੁਨਹਿਰਾ ਮੌਕਾ, ਇਸ ਗੱਲ ਦਾ ਪ੍ਰਗਟਾਵਾ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਮੁੱਖ ਕਾਰਜਕਾਰੀ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)ਡਾ.ਰੁਪਿੰਦਰ ਪਾਲ ਸਿੰਘ ਨੇ ਕੀਤਾ। ਉਹਨਾਂ ਦੱਸਿਆ ਕਿ ਜਿਹੜੇ ਨੌਜਵਾਨਾਂ ਨੇ ਅਗਨੀਵੀਰ ਆਰਮੀ ਭਰਤੀ ਵਿੱਚ ਆਪਣਾ ਨਾਮ ਰਜਿਸਟਰ ਕਰਵਾਇਆ ਸੀ , ਉਹਨਾਂ ਦੀ ਆਨਲਾਈਨ ਸਾਂਝੀ ਦਾਖਲਾ ਪ੍ਰੀਖਿਆ ਮਿਤੀ 01 ਜੂਨ 2026 ਤੋਂ 12 ਜੂਨ 2026 ਤੱਕ ਦੇਸ਼ ਦੇ 206 ਸ਼ਹਿਰਾਂ ਵਿਖੇ ਸ਼ੁਰੂ ਹੋਣ ਜਾ ਰਹੀ ਹੈ। ਅਗਨੀਵੀਰ ਆਰਮੀ ਭਰਤੀ ਦੀ ਪ੍ਰੀਖਿਆ ਦੇ ਚਾਹਵਾਨ ਪ੍ਰਾਰਥੀ ਆਪਣੇ ਅਡਮਿਟ ਕਾਰਡ ਮਿਤੀ 15 ਮਈ 2026 ਤੋਂ ਅਗਨੀਵੀਰ ਆਰ

ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ

ਪ੍ਰੋਟੀਨ ਲਈ ਖਾ ਰਹੇ ਹੋ 'ਸੋਇਆ ਚਾਪ' ਤਾਂ ਹੋ ਜਾਓ ਸਾਵਧਾਨ

ਅੱਜਕਲ ਫਾਸਟ ਫੂਡ ਤੇ ਸਟ੍ਰੀਡ ਫੂਡ ਦੀ ਲੋਕਪ੍ਰਿਯਤਾ ਤੇਜ਼ੀ ਨਾਲ ਵਧ ਰਹੀ ਹੈ। ਖਾਸ ਕਰਕੇ ਨੌਜਵਾਨਾਂ ਵਿਚ। ਇਨ੍ਹਾਂ ਵਿਚੋਂ ਇਕ ਹੈ ਸੋਇਆ ਚਾਪ, ਜੋ ਸਵਾਦ ਵਿਚ ਲਾਜਵਾਬ ਹੋਣ ਦੇ ਕਾਰਨ ਕਾਫੀ ਟ੍ਰੇਂਡ ਵਿਚ ਹੈ। ਪਾਰਟੀ ਹੋਵੇ ਜਾਂ ਸਟ੍ਰੀਟ ਫੂਡ ਸਟਾਲ,

ਸੋਇਆ ਚਾਪ ਹਰ ਜਗ੍ਹਾ ਆਸਾਨੀ ਨਾਲ ਮਿਲ ਜਾਂਦੀ ਹੈ ਤੇ ਲੋਕ ਇਸ ਨੂੰ ਬਹੁਤ ਸੁਆਦ ਨਾਲ ਖਾਧੇ ਹਨ। ਇਸ ਨੂੰ ਪ੍ਰੋਟੀਨ ਦਾ ਚੰਗਾ ਸਰੋਤ ਮੰਨਿਆ ਜਾਂਦਾ ਹੈ।ਮਾਹਿਰ ਸੋਇਆ ਚਾਪ ਨੂੰ ਲੈ ਕੇ ਸਾਵਧਨ ਵਰਤਣ ਦੀ ਸਲਾਹ ਦਿੰਦੇ ਹਨ। ਇਸ ਦਾ ਕਾਰਨ ਹੈ ਕਿ ਸੋਇਆ ਚਾਪ ਨੂੰ ਕੁਦਰਤੀ ਤਰੀਕੇ ਨਾਲ ਨਹੀਂ ਸਗੋਂ ਪ੍ਰੋਸੈਸਿੰਗ ਸਟੈਪਸ ਨਾਲ ਤਿਆਰ ਕੀਤਾ ਜਾਂਦਾ ਹੈ ਜਿਸ ਵਿਚ ਮੈਦਾ, ਰਿਫਾਈਂਡ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਚੀਜ਼ਾਂ ਸਰੀਰ ਲਈ ਲੰਬੇ ਸਮੇਂ ਵਿਚ ਨੁਕਸਾਨਦਾਇਕ ਸਾਬਤ ਹੋ ਸਕਦੀਆਂ ਹਨ।

ਜ਼ਿਆਦਾ ਪ੍ਰੋਸੈਸਡ ਫੂਡ ਹੋਣ ਦਾ ਨੁਕਸਾਨ ; ਸੋਇਆ ਚਾਪ ਇਕ ਪੂਰੀ ਤਰ੍ਹਾਂ ਤੋਂ ਕੁਦਰਤੀ ਫੂਡ ਨਹੀਂ ਹੈ ਸਗੋਂ ਇਸ ਨੂੰ ਕਈ ਤਰ੍ਹਾਂ ਦੀ ਪ੍ਰੋਸੈਸਿੰਗ ਨਾਲ ਤਿਆਰ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਵਿਚ ਇਸ ਦੇ ਮੂਲ ਪੋਸ਼ਕ ਤੱਤ ਕਾਫੀ ਹੱਦ ਤੱਕ ਘੱਟ ਹੋ ਜਾਂਦੇ ਹਨ ਤੇ ਕਈ ਵਾਰ ਅਜਿਹੇ ਰਸਾਇਣਕ ਤੱਤ ਜੁੜ ਜਾਂਦੇ ਹਨ ਜੋ ਸਰੀਰ ਲਈ ਲੰਬੇ ਸਮੇਂ ਵਿਚ ਨੁਕਸਾਨਦਾਇਕ ਹੋ ਸਕਦੇ ਹਨ।

ਪਾਚਣ ਤੰਤਰ 'ਤੇ ਬੁਰਾ ਅਸਰ ; ਸੋਇਆ ਚਾਪ ਵਿਚ ਅਕਸਰ ਮੈਦਾ, ਸਟਾਰਜ ਤੇ ਹੋਰ ਫਿਲਰਸ ਦੀ ਵਰਤੋਂ ਹੁੰਦੀ ਹੈ ਜੋ ਪਚਣ ਵਿਚ ਭਾਰੀ ਹੁੰਦੇ ਹਨ। ਇਸ ਦਾ ਰੈਗੂਲਰ ਸੇਵਨ ਕਰਨ ਨਾਲ ਪੇਟ ਵਿਚ ਗੈਸ, ਐਸਿਡਿਟੀ ਤੇ ਕਬਜ਼ ਵਰਗੀਆਂ ਸਮੱਸਿਆਵਾਂ ਵਧ ਸਕਦੀਆਂ ਹਨ। ਕਮਜ਼ੋਰ ਪਾਚਣ ਵਾਲੇ ਲੋਕਾਂ ਲਈ ਇਹ ਹੋਰ ਵੀ ਵਧ ਪ੍ਰੇਸ਼ਾਨੀ ਪੈਦਾ ਕਰ ਸਕਦਾ ਹੈ।

ਡੀਪ ਫਰਾਈ ਤੇ ਟਰਾਂਸ ਫੈਟ ਦਾ ਖਤਰਾ ; ਜ਼ਿਆਦਾਤਰ ਸਟ੍ਰੀਟ ਵੈਂਡਰਸ ਸੋਇਆ ਚਾਪ ਨੂੰ ਡੀਪ ਫਰਾਈ ਕਰਕੇ ਵੇਚਦੇ ਹਨ ਜਿਸ ਨਾਲ ਇਸ ਵਿਚ ਟਰਾਂਸ ਫੈਟ ਦੀ ਮਾਤਰਾ ਵਧ ਜਾਂਦੀ ਹੈ। ਰਾਂਸ ਫੈਟ ਦਾ ਜ਼ਿਆਦਾ ਸੇਵਨ ਸਰੀਰ ਵਿਚ ਖਰਾਬ ਕੋਲੈਸਟ੍ਰਾਲ ਵਧਾਉਂਦਾ ਹੈ ਤੇ ਚੰਗੇ ਕੋਲੈਸਟ੍ਰਾਲ ਨੂੰ ਘੱਟ ਕਰਦਾ ਹੈ।

ਭਾਰ ਵਧਣ ਤੇ ਮੋਟਾਪੇ ਦਾ ਰਿਸਕ ; ਸੋਇਆ ਚਾਪ ਵਿਚ ਕੈਲੋਰੀ ਤੇ ਫੈਟ ਦੀ ਮਾਤਰਾ ਕਾਫੀ ਵਧ ਹੁੰਦੀ ਹੈ, ਖਾਸ ਕਰਕੇ ਜਦੋਂ ਇਸ ਨੂੰ ਤਲਿਆ ਹੋਇਆ ਖਾਧਾ ਜਾਵੇ। ਜੇਕਰ ਇਸ ਨੂੰ ਰੈਗੂਲਰ ਡਾਇਟ ਵਿਚ ਸ਼ਾਮਲ ਕੀਤਾ ਜਾਵੇ ਤਾਂ ਇਹ ਤੇਜ਼ੀ ਨਾਲ ਭਾਰ ਵਧਾਉਣ ਦਾ ਕਾਰਨ ਬਣ ਸਕਦਾ ਹੈ।

ਗੁਰਦੁਆਰਾ ਸ਼ਹੀਦਾਂ ਚਾਰ ਸਾਹਿਬਜ਼ਾਦੇ ਕਾਜਲਪੁਸਟਰਲੈਂਗੋ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ

ਮਿਲਾਨ, 14 ਮਈ (ਦਲਜੀਤ ਮੱਕੜ) ਦਸ਼ਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਖਾਲਸਾ ਪੰਥ ਦਾ ਸਾਜਨਾ ਦਿਵਸ ਸੰਸਾਰ ਭਰ ਵਿੱਚ ਵੱਸਦੀ ਸਿੱਖ ਸੰਗਤ ਵੱਲੋਂ ਬਹੁਤ ਹੀ ਜੋਸੋ ਖਰੋਸ ਨਾਲ ਮਨਾਇਆ ਜਾ ਰਿਹਾ ਹੈ। ਇਸ ਮਹਾਨ ਦਿਹਾੜੇ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਉਦਿਆਂ ਇਟਲੀ ਦੀਆ ਸੰਗਤਾਂ ਦੇ ਸਹਿਯੋਗ ਨਾਲ ਵੱਖ ਵੱਖ ਸਮਾਗਮ ਉਲੀਕੇ ਜਾ ਰਹੇ ਹਨ।ਇਸੇ ਲੜੀ ਤਹਿਤ ਗੁਰਦੁਆਰਾ ਸ਼ਹੀਦਾਂ ਚਾਰ ਸਾਹਿਬਜਾਦੇ ਕਾਜਲਪੁਸਟਰਲੈਂਗੋ (ਲੋਧੀ) ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਤਿੰਨ ਰੋਜਾ ਸਮਾਗਮ ਮੌਕੇ ਇਲਾਕੇ ਭਰ ਤੋਂ ਪੁੱਜੀਆ ਸੰਗਤਾਂ ਨੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਅਤੇ ਸਮਾਗਮ ਦੀ ਰੌਣਕ ਨੂੰ ਵਧਾਇਆ। ਸ਼ੁੱਕਰਵਾਰ ਨੂੰ ਆਰੰਭ ਹੋਏ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਐਤਵਾਰ ਨੂੰ ਪਾਏ ਗਏ।ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਹੈਡ ਗ੍ਰੰਥੀ ਭਾਈ ਹਰਵੰਤ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਪਰੰਤ ਸਜਾਏ ਗਏ ਦੀਵਾਨਾਂ ਦੀ ਆਰੰਭਤਾ ਭਾਈ ਬਲਜਿੰਦਰ ਸਿੰਘ ਪੰਜੋਖਰਾ ਸਾਹਿਬ ਵਾਲਿਆਂ ਦੇ ਕੀਰਤਨੀ ਜੱਥੇ ਨੇ ਕੀਤੀ। ਉਪਰੰਤ ਇਟਲੀ ਦੇ ਪ੍ਰਸਿੱਧ ਕਵੀਸ਼ਰੀ ਜੱਥੇ ਭਾਈ ਗੁਰਮੁੱਖ ਸਿੰਘ ਜੌਹਲ ਅਤੇ ਸਾਥੀਆ ਨੇ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇੰਡੀਆ ਦੀ ਧਰਤੀ ਤੋਂ ਵਿਸ਼ੇਸ਼ ਪੁੱਜੇ ਢਾਡੀ ਭਾਈ ਗੁਰਸੇਵਕ

ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਸਿੱਖ ਕੌਮ ਦਾ ਗੌਰਵਮਈ ਇਤਿਹਾਸ ਸਰਵਣ ਕਰਵਾਇਆ।ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਜੀ ਆਇਆ ਆਖਦਿਆ ਖਾਲਸਾ ਪੰਥ ਸਾਜਨਾ ਦਿਵਸ ਤੇ ਕਰਵਾਏ ਜਾ ਰਹੇ ਗੁਰਮਤਿ ਸਮਾਗਮ ਦੀ ਵਧਾਈ ਦਿੱਤੀ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੁਆਰਾ ਅਕਾਲ ਪੁਰਖ ਦਾ ਜਸ ਗਾਉਦਿਆਂ ਜੋ ਉਪਦੇਸ਼ ਤੇ ਸਿੱਖਿਆਵਾਂ ਸਾਨੂੰ ਦਿੱਤੀਆਂ ਸਨ, ਆਓ ਉਨ੍ਹਾਂ ਦੇ ਵੱਧ ਤੋਂ ਵੱਧ ਧਾਰਨੀ ਬਣੀਏ।ਇਸ ਮੌਕੇ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ ਪ੍ਰਬੰਧਕ ਕਮੇਟੀਆਂ, ਕਾਜਲਪੁਸਟਰਲੈਂਗੋ (ਲੋਧੀ) ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਿੱਖ ਸੰਗਤਾਂ ਸਮੇਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਆਦਿ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕਾਜਲਪੁਸਟਰਲੈਂਗੋ (ਲੋਧੀ) ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ, ਅਹਿਮ ਸ਼ਖਸ਼ੀਅਤਾਂ ਅਤੇ ਸੇਵਾਦਾਰਾਂ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਬਾਰਵੀਂ ਜਮਾਤ ਦੇ ਸਲਾਨਾ ਨਤੀਜੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਪੈ੍ਸ ਰੋਡ ਪਟਿਆਲਾ ਦਾ ਨਤੀਜਾ 100 ਪ੍ਰਤੀਸ਼ਤ ਰਿਹਾ

ਪਟਿਆਲਾ, 14 ਮਈ (ਚ.ਨ.ਸ.) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਸਲਾਨਾ ਨਤੀਜੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਪੈ੍ਸ ਰੋਡ ਪਟਿਆਲਾ ਦਾ ਨਤੀਜਾ 100 ਪ੍ਰਤੀਸ਼ਤ ਰਿਹਾ, ਜਿਸ ਵਿਚ ਕੁੜੀਆਂ ਨੇ ਬਾਜ਼ੀ ਮਾਰੀ ਭੂਮੀ ਨੇ 90% ਪ੍ਰਤੀਸ਼ਤ ਪ੍ਰਾਪਤ ਕਰਕੇ ਪਹਿਲਾਂ ਦਰਜਾ ਪ੍ਰਾਪਤ ਕੀਤਾ ਸ਼ਰੇਆ ਨੇ 86% ਪ੍ਰਤੀਸ਼ਤ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਰਸ਼ਪ੍ਰੀਤ ਕੌਰ ਨੇ 85%ਪ੍ਰਤੀਸ਼ਤ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਇਸ ਮੌਕੇ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਸ੍ਰੀ ਮਤੀ ਜਸਵਿੰਦਰ ਕੌਰ ਦਰਦੀ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆਂ ਅਤੇ ਬੱਚਿਆਂ ਦੇ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਕਰਵਾਈ ਸਖ਼ਤ ਮਿਹਨਤ ਦਾ ਨਤੀਜਾ ਹੈ ਉਨ੍ਹਾਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਉਚ ਪੁਜੀਸ਼ਨਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਮੈਗਾ ਐਮਐਸਐਮਈ ਕ੍ਰੈਡਿਟ ਆਊਟਰੀਚ ਮੁਹਿੰਮ ਦਾ ਆਯੋਜਨ ਭਲਕੇ

ਲੁਧਿਆਣਾ, 14 ਮਈ (ਚ.ਨ.ਸ.) : ਜਨਤਕ ਖੇਤਰ ਦੇ ਮੋਹਰੀ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ ਕਲ 16 ਮਈ ਨੂੰ ਇੱਕ ਦੇਸ਼ ਵਿਆਪੀ ਮੈਗਾ ਐਮਐਸਐਮਈ ਕ੍ਰੈਡਿਟ ਆਊਟਰੀਚ ਮੁਹਿੰਮ ਦਾ ਆਯੋਜਨ ਕਰ ਰਿਹਾ ਹੈ। ਇਸ ਪਹਿਲਕਦਮੀ ਦੇ ਤਹਿਤ, ਅਤੇ ਜ਼ੋਨਲ ਹੈੱਡ (ਚੰਡੀਗੜ੍ਹ) ਸੁਰੇਸ਼ ਕੁਮਾਰ ਸਿੰਘ ਦੀ ਅਗਵਾਈ ਹੇਠ, ਇਹ ਪ੍ਰੋਗਰਾਮ ਖੇਤਰੀ ਦਫ਼ਤਰ, ਲੁਧਿਆਣਾ ਦੁਆਰਾ ਸੀਆਈਸੀਯੂ ਕੰਪਲੈਕਸ (ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼), ਫੋਕਲ ਪੁਆਇੰਟ, ਲੁਧਿਆਣਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ, ਬੈਂਕ ਦੇ ਰੀਜਨਲ ਹੈੱਡ (ਲੁਧਿਆਣਾ), ਮਨੀਸ਼ ਵਰਮਾ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਉੱਦਮੀਆਂ, ਵਪਾਰੀਆਂ, ਨਿਰਮਾਤਾਵਾਂ, ਸੇਵਾ ਪ੍ਰਦਾਤਾਵਾਂ ਅਤੇ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਲਈ ਕਰਜ਼ੇ ਤੱਕ ਪਹੁੰਚ ਵਧਾਉਣਾ ਹੈ; ਐਮਐਸਐਮਈ ਕ੍ਰੈਡਿਟ ਉਤਪਾਦਾਂ ਬਾਰੇ ਜਾਗਰੂਕਤਾ ਪੈਦਾ ਕਰਨਾ; ਅਤੇ ਯੋਗ ਕਰਜ਼ਾ ਪ੍ਰਸਤਾਵਾਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ ਹੈ।

ਰੈਡ ਰੋਜ਼ ਇੰਗਲਿਸ਼ ਮਾਡਲ ਸਕੂਲ ਦੇ ਵਿਦਿਆਰਥੀ ਅੰਗਦਵੀਰ ਸਿੰਘ ਨੇ 89 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ।

ਯੂਟੀ ਗ੍ਰਹਿ ਸਕੱਤਰ-ਕਮ-ਸਕੱਤਰ ਜੰਗਲਾਤ ਨੇ 2026-27 ਲਈ ਪੌਦੇ ਲਗਾਉਣ ਦੀ ਯੋਜਨਾ ਦੀ ਸਮੀਖਿਆ ਕੀਤੀ

ਚੰਡੀਗੜ੍ਹ, 14 ਮਈ (ਚ.ਨ.ਸ.) : ਸ਼੍ਰੀ ਮਨਦੀਪ ਸਿੰਘ ਬਰਾੜ, ਗ੍ਰਹਿ ਸਕੱਤਰ-ਕਮ-ਸਕੱਤਰ ਜੰਗਲਾਤ, ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਯੂਟੀ ਸਕੱਤਰੇਤ ਵਿਖੇ 2026-27 ਲਈ ਪੌਦੇ ਲਗਾਉਣ ਦੀ ਯੋਜਨਾ @ਤੇ ਇੱਕ ਵਿਆਪਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਮੁੱਖ ਜੰਗਲਾਤ ਸੰਭਾਲਕਰਤਾ, ਨਗਰ ਨਿਗਮ ਕਮਿਸ਼ਨਰ, ਜੰਗਲਾਤ ਸੰਭਾਲਕਰਤਾ, ਨਗਰ ਨਿਗਮ ਅਤੇ ਇੰਜੀਨੀਅਰਿੰਗ ਵਿਭਾਗ ਦੇ ਮੁੱਖ ਇੰਜੀਨੀਅਰ, ਸਕੂਲ ਸਿੱਖਿਆ ਨਿਰਦੇਸ਼ਕ ਅਤੇ ਚੰਡੀਗੜ੍ਹ ਪ੍ਰਸ਼ਾਸਨ ਅਤੇ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਮੀਟਿੰਗ ਦੌਰਾਨ, ਜੰਗਲਾਤ ਸੰਭਾਲਕਰਤਾ ਅਤੇ ਮੁੱਖ ਜੰਗਲੀ ਜੀਵ ਵਾਰਡਨ ਨੇ ਇੱਕ ਵਿਸਤ੍ਰਿਤ ਪੇਸ਼ਕਾਰੀ ਦਿੱਤੀ, ਜਿਸ ਵਿੱਚ 2025-26 ਲਈ ਪੌਦੇ ਲਗਾਉਣ ਦੀ ਮੁਹਿੰਮ ਦੇ ਟੀਚਿਆਂ ਅਤੇ ਪ੍ਰਾਪਤੀਆਂ ਦੇ ਨਾਲ-ਨਾਲ ਵੱਖ-ਵੱਖ ਵਿਭਾਗਾਂ ਅਤੇ ਏਜੰਸੀਆਂ ਦੁਆਰਾ ਲਗਾਏ ਗਏ ਪੌਦਿਆਂ ਦੀ ਬਚਾਅ ਦਰ ਨੂੰ ਉਜਾਗਰ ਕੀਤਾ ਗਿਆ। ਇਹ ਰਿਪੋਰਟ ਕੀਤੀ ਗਈ ਸੀ ਕਿ ਪਿਛਲੇ ਸਾਲ, ਚੰਡੀਗੜ੍ਹ ਵਿੱਚ ਕੁੱਲ 664,133 ਬੂਟੇ ਲਗਾਏ ਗਏ ਸਨ ਅਤੇ ਵੰਡੇ ਗਏ ਸਨ, ਜਦੋਂ ਕਿ 576,221 ਦਾ ਟੀਚਾ ਸੀ। ਸਾਲ 2026-27 ਲਈ 410,725 ਬੂਟੇ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਸਾਲ, ਜੰਗਲਾਤ ਵਿਭਾਗ ਦਾ ਮੁੱਖ ਧਿਆਨ ਮਾਤਰਾ ਦੀ ਬਜਾਏ ਗੁਣਵੱਤਾ ਵਾਲੇ ਬੂਟੇ ਲਗਾਉਣ @ਤੇ ਹੋਵੇਗਾ। ਵਿਭਾਗ 21 ਅਤੇ 22 ਮਈ ਨੂੰ ਸਾਰੇ ਸਬੰਧਤ ਵਿਭਾਗਾਂ ਅਤੇ ਏਜੰਸੀਆਂ ਲਈ ਪੌਦੇ ਲਗਾਉਣ ਦੀਆਂ ਤਕਨੀਕਾਂ ਅਤੇ ਪੌਦੇ ਲਗਾਉਣ ਤੋਂ ਬਾਅਦ ਦੀ ਦੇਖਭਾਲ @ਤੇ ਦੋ ਦਿਨਾਂ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕਰੇਗਾ। ਸ਼੍ਰੀ ਮਨਦੀਪ ਸਿੰਘ ਬਰਾੜ ਨੇ ਸਾਰੀਆਂ ਹਰੀਆਂ ਏਜੰਸੀਆਂ ਦੇ ਯਤਨਾਂ ਅਤੇ ਵੱਖ-ਵੱਖ ਵਿਭਾਗਾਂ ਦੁਆਰਾ ਪ੍ਰਾਪਤ ਕੀਤੀ 79 ਪ੍ਰਤੀਸ਼ਤ ਪੌਦੇ ਬਚਾਉਣ ਦੀ ਦਰ ਦੀ ਸ਼ਲਾਘਾ ਕੀਤੀ, ਅਤੇ ਲਗਾਏ ਗਏ ਬੂਟਿਆਂ ਦੀ ਬਚਾਅ ਦਰ ਨੂੰ ਬਣਾਈ ਰੱਖਣ ਅਤੇ ਹੋਰ ਬਿਹਤਰ ਬਣਾਉਣ ਲਈ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ। ਸਕੱਤਰ ਨੇ ਨਿਰਦੇਸ਼ ਦਿੱਤੇ ਕਿ ਇਸ ਸਾਲ ਦੀ ਪੌਦੇ ਲਗਾਉਣ ਦੀ ਮੁਹਿੰਮ ਖਾਸ ਤੌਰ @ਤੇ ਗੈਪ ਪਲਾਂਟੇਸ਼ਨ @ਤੇ ਕੇਂਦ੍ਰਿਤ ਹੋਣੀ ਚਾਹੀਦੀ ਹੈ, ਖਾਸ ਕਰਕੇ ਨਗਰ ਨਿਗਮ ਅਤੇ ਇੰਜੀਨੀਅਰਿੰਗ ਵਿਭਾਗ ਦੁਆਰਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਯੂਟੀ ਦੇ ਪ੍ਰਸ਼ਾਸਕ ਦੇ ਦਿਸ਼ਟੀਕੋਣ ਅਤੇ ਨਿਰਦੇਸ਼ਾਂ ਦੇ ਅਨੁਸਾਰ, ਸੜਕਾਂ ਦੇ ਕਿਨਾਰਿਆਂ ਅਤੇ ਖੁੱਲ੍ਹੀਆਂ ਥਾਵਾਂ ਨੂੰ ਰੁੱਖ ਲਗਾਉਣ ਦੀਆਂ ਗਤੀਵਿਧੀਆਂ ਰਾਹੀਂ ਵਿਆਪਕ ਤੌਰ @ਤੇ ਕਵਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸ਼ਹਿਰ ਦੇ ਉਨ੍ਹਾਂ ਸਾਰੇ ਖੇਤਰਾਂ ਨੂੰ ਪੂਰੀ ਤਰ੍ਹਾਂ ਕਵਰ ਕੀਤਾ ਜਾਵੇ ਜਿੱਥੇ ਰੁੱਖ ਲਗਾਉਣ ਦੀ ਘਾਟ ਹੈ ਅਤੇ 100 ਪ੍ਰਤੀਸ਼ਤ ਕਵਰੇਜ ਯਕੀਨੀ ਬਣਾਈ ਜਾਵੇ।

ਜਨਮ ਦਿਨ ਮੁਬਾਰਕ

ਮਨਸਵੀ

ਜਸਮੀਨ ਕੌਰ

ਸਾਡੀ ਜਨਗਣਨਾ
ਸਾਡਾ ਵਿਕਾਸ
ਪੰਜਾਬ
ਮਕਾਨ ਸੂਚੀਕਰਨ
ਅਤੇ ਮਕਾਨਾਂ ਦੀ ਗਿਣਤੀ
15 ਮਈ ਤੋਂ 13 ਜੂਨ
ਤੁਹਾਨੂੰ ਕੀ-ਕੀ ਪੁੱਛਿਆ ਜਾਵੇਗਾ ?
ਮਕਾਨ ਨਾਲ ਸਬੰਧਤ ਜਾਣਕਾਰੀ:
• ਇਮਾਰਤ ਨੰਬਰ
• ਮਕਾਨ ਦੇ ਫਰਸ਼ ਲਈ ਵਰਤੀ ਜਾਣ ਵਾਲੀ ਮੁੱਖ ਸਮੱਗਰੀ
• ਮਕਾਨ ਦੀਆਂ ਕੰਧਾਂ ਅਤੇ ਛੱਤ ਲਈ ਵਰਤੀ ਜਾਣ ਵਾਲੀ ਮੁੱਖ ਸਮੱਗਰੀ
• ਮਕਾਨ ਦੀ ਵਰਤੋਂ
• ਮਕਾਨ ਦੀ ਸਥਿਤੀ
ਹੋਰ ਜਾਣਕਾਰੀ:
• ਪਰਿਵਾਰ ਵੱਲੋਂ ਵਰਤਿਆ ਜਾਣ ਵਾਲਾ ਮੁੱਖ ਅਨਾਜ
• ਮੋਬਾਇਲ ਨੰਬਰ (ਸਿਰਫ ਜਨਗਣਨਾ-ਸੰਬੰਧੀ ਸੰਚਾਰ ਲਈ)
ਪਰਿਵਾਰ ਸੰਬੰਧੀ ਜਾਣਕਾਰੀ:
• ਪਰਿਵਾਰ ਵਿਚ ਆਮ ਤੌਰ 'ਤੇ ਰਹਿਣ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ
• ਪਰਿਵਾਰ ਦੇ ਮੁਖੀ ਦਾ ਨਾਮ ਅਤੇ ਲਿੰਗ
• ਕੀ ਘਰ ਦਾ ਮੁਖੀ ਅਨੁਸੂਚਿਤ ਜਾਤੀ/ਕਬੀਲੇ/ਹੋਰ ਸ਼੍ਰੇਣੀ ਨਾਲ ਸਬੰਧਤ ਹੈ ?
• ਮਕਾਨ ਦੀ ਮਾਲਕੀ ਦੀ ਸਥਿਤੀ
• ਪਰਿਵਾਰ ਦੇ ਕੋਲ ਉਪਲਬਧ ਕਮਰਿਆਂ ਦੀ ਗਿ

ਸਿਲਵਰ ਓਕ ਸਕੂਲ ਵਿੱਚ ਸ਼ਾਨੇ-ਸ਼ੌਕਤ ਨਾਲ ਵਿਦਿਆਰਥੀ ਕੌਂਸਲ ਦੀ ਹੋਈ ਚੋਣ

ਟਾਂਡਾ ਉੜਮੁੜ, 14 ਮਈ (ਅਰਜੁਨ ਜੈਨ): ਇਲਾਕੇ ਦੀ ਪ੍ਰਮੁੱਖ ਖਡਵਾਲ, ਰਣਦੀਪ ਸਿੰਘ, ਮਨਜੀਤ

ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ ਵਿੱਚ ਬੜੀ ਸ਼ਾਨੋ-ਸ਼ੌਕਤ ਦੇ ਨਾਲ ਵਿਦਿਆਰਥੀ ਕੌਂਸਲ ਦੀ ਚੋਣ ਹੋਈ। ਸੰਸਥਾ ਦੀ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਇਹ ਪ੍ਰੋਗਰਾਮ ਬੜੀ ਸਫਲਤਾ ਪੂਰਵਕ ਨੇਪਰੇ ਚੜ੍ਹਿਆ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਤੇ ਇਸ ਖਾਸ ਮੌਕੇ ਤੇ ਮੁੱਖ ਮਹਿਮਾਨ ਵਜੋਂ ਸਬ-ਡਿਵੀਜ਼ਨਲ ਮਜਿਸਟਰੇਟ ਟਾਂਡਾ ਲਵਪ੍ਰੀਤ ਸਿੰਘ ਔਲਖ (ਪੀ.ਸੀ.ਐਸ) ਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਖਾਸ ਤੌਰ ਤੇ ਹਾਜ਼ਰੀ ਭਰੀ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਵਿਦਿਆਰਥੀ ਕੌਂਸਲ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਪਾਰਸਦੀਪ ਸਿੰਘ ਅਤੇ ਗੁਰਨੂਰ ਕੌਰ ਨੇ ਸਕੂਲ ਕੈਪਟਨ ਵਜੋਂ ਜ਼ਿੰਮੇਵਾਰੀ ਸੰਭਾਲੀ। ਕਰਮਜੀਤ ਕੌਰ ਅਤੇ ਜਸਮੀਤ ਕੌਰ, ਨਮਨੀਤ ਕੌਰ ਤੇ ਅਰਸ਼ਦੀਪ ਕੌਰ ਨੇ ਡਿਸਿਪਲਨ ਕੈਪਟਨ ਦੀ ਜ਼ਿੰਮੇਵਾਰੀ ਸਾਂਭੀ। ਜਸਨੂਰ ਕੌਰ ਸਪੋਰਟਸ ਕੈਪਟਨ ਅਤੇ ਗੁਰਨੂਰ ਸਿੰਘ, ਲਕਸ਼ ਟੰਡਨ ਤੇ ਹਰਮਨ ਪ੍ਰੀਤ ਸਿੰਘ ਲਾਖਾ ਸਪੋਰਟਸ ਕੌਂਸਲ ਮੈਂਬਰ ਚੁਣੇ ਗਏ। ਚਰਨਪ੍ਰੀਤ ਕੌਰ, ਰਾਜਦੀਪ ਕੌਰ ਨੇ ਸੀਸੀਏ ਕੈਪਟਨ ਤੇ ਸੌਰਭੀ ਤੇ ਹਰਲੀਨ ਕੌਰ ਨੇ ਵਾਈਸ ਸੀਸੀਏ ਕੈਪਟਨ ਦੀ ਜ਼ੁੰਮੇਵਾਰੀ ਸੰਭਾਲੀ। ਈਕੋ ਕਲੱਬ ਦੇ ਕੈਪਟਨ ਵਜੋਂ ਧਰਮਪ੍ਰੀਤ ਸਿੰਘ, ਸਾਹਿਬ ਪ੍ਰੀਤ ਸਿੰਘ, ਦਮਨਪ੍ਰੀਤ ਕੌਰ ਅਤੇ ਤਰਨਪ੍ਰੀਤ ਕੌਰ ਸੈਣੀ ਨੇ ਅਹੁਦਾ ਸੰਭਾਲਿਆ। ਦੀਪ ਸੁਰਿੰਦਰ ਸਿੰਘ, ਮਨਰਾਜ ਸਿੰਘ ਮੁਲਤਾਨੀ ਅਤੇ ਮਨਪ੍ਰੀਤ ਸਿੰਘ ਯੂਥ ਕਲੱਬ ਦੇ ਕੈਪਟਨ ਜਦਕਿ ਜਸਲੀਨ ਕੌਰ ਤੇ ਬਲੈਸੀ ਵਾਈਸ ਯੂਥ ਕਲੱਬ ਕੈਪਟਨ ਚੁਣੇ ਗਏ। ਪ੍ਰਭਲੀਨ ਕੌਰ, ਰਮਨਦੀਪ ਕੌਰ, ਸ਼ਬਨਮਪ੍ਰੀਤ ਕੌਰ, ਹਰਮਨਦੀਪ ਸਿੰਘ, ਗੁਰਮਨਪ੍ਰੀਤ ਸਿੰਘ, ਮਿਤੁਲ ਬਹਿਲ, ਮਾਧਵ ਪਾਸੀ, ਸਾਹਿਜਪ੍ਰੀਤ ਕੌਰ, ਹਰਲੀਨ ਕੌਰ ਤੇ ਲਵਪ੍ਰੀਤ ਕੌਰ ਈਵੈਂਟ ਕੋਆਰਡੀਨੇਟਰ ਨਿਯੁਕਤ ਕੀਤੇ ਗਏ।

ਇਸ ਮੌਕੇ ਤੇ ਮੁੱਖ ਮਹਿਮਾਨ ਲਵਪ੍ਰੀਤ ਸਿੰਘ ਔਲਖ, (ਪੀਸੀਐਸ) ਸਬ ਡਿਵੀਜ਼ਨਲ ਮੈਜਿਸਟਰੇਟ ਟਾਂਡਾ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਸਕੂਲ ਕੈਪਟਨ ਦੀ ਚੋਣ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਉਮੀਦ ਜਤਾਈ ਕਿ ਸਕੂਲ ਦੇ ਨਵੇਂ ਬਣੇ ਕੈਪਟਨ ਸਕੂਲ ਤੇ ਹਰ ਪਹਿਲੂ ਤੋਂ ਆਪਣੀਆਂ ਸੇਵਾਵਾਂ ਦੇਣ ਲਈ ਹਮੇਸ਼ਾ ਤਤਪਰ ਰਹਿਣਗੇ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਵਿਦਿਆਰਥੀ ਕੌਂਸਲ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਅਜਿਹੀਆਂ ਜ਼ਿੰਮੇਵਾਰੀਆਂ ਲੈ ਕੇ ਹੀ ਭਵਿੱਖ ਦੇ ਨੇਤਾ ਅਤੇ ਅਫਸਰ ਬਣਦੇ ਹਨ ਤੇ ਅਸੀਂ ਵੱਡੀਆਂ ਜ਼ਿੰਮੇਵਾਰੀਆਂ ਆਪਣੇ ਮੋਢਿਆਂ ਤੇ ਚੁੱਕਣ ਦੇ ਕਾਬਿਲ ਬਣ ਸਕਾਂਗੇ।

ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ,ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਗੁਰਪ੍ਰੀਤ, ਵਿਸ਼ਾਲੀ, ਕੰਚਨ, ਸੁਮਿਤ, ਪਰਮਜੀਤ, ਬਲਜੀਤ, ਰਮਨ, ਹਰਜੀਤ, ਹਰਮਿੰਦਰ, ਰਜਮੀਤ, ਸੁਰੇਸ਼, ਰਵਿੰਦਰ, ਇਕਬਾਲ, ਜਗਬੰਧਨ, ਵਿਨੇ, ਸ਼ਿਲਪਾ, ਨੇਹਾ, ਰਾਜਵੀਰ, ਰਾਜਵਿੰਦਰ, ਮੋਨਿਕਾ, ਕੁਲਦੀਪ, ਸੋਨੂ, ਅੰਕਿਤਾ, ਸੁਸ਼ੀਲ ਤੇ ਹੋਰ ਸਟਾਫ ਮੈਂਬਰ ਮੌਜੂਦ ਸਨ।

ਮਿਉਂਸੀਪਲ ਇੰਪਲਾਈਜ਼ ਯੂਨੀਅਨ ਨੇ ਆਪਣੀਆਂ ਮੰਗਾਂ ਸਬੰਧੀ ਹੜਤਾਲ 9ਵੇਂ ਦਿਨ ਵੀ ਰੱਖੀ ਜਾਰੀ

ਦਸੂਹਾ, 14 ਮਈ (ਚ.ਨ.ਸ.): ਮਿਉਂਸੀਪਲ ਇੰਪਲਾਈਜ਼ ਯੂਨੀਅਨ

ਦਸੂਹਾ ਵੱਲੋਂ ਆਪਣੀਆਂ ਮੰਗਾਂ ਸਬੰਧੀ ਦਸੂਹਾ ਨਗਰ ਕੌਂਸਲ ਦਫ਼ਤਰ ਦੇ ਸਾਹਮਣੇ 6 ਮਈ ਤੋਂ ਸ਼ੁਰੂ ਕੀਤੀ ਗਈ ਅਣਮਿੱਥੇ ਸਮੇਂ ਦੀ ਹੜਤਾਲ ਨੌਵੇਂ ਦਿਨ ਵਿੱਚ ਦਾਖਲ ਹੋ ਗਈ ਹੈ ਤੇ ਇਹ ਜਾਰੀ ਹੈ। ਹੜਤਾਲ ਵਿੱਚ ਸਫਾਈ ਕਰਮਚਾਰੀ, ਸੀਵਰਮੈਨ, ਮਾਲੀ, ਚੁਪੜਾਸੀ, ਨੌਕਰ, ਇਲੈਕਟ੍ਰੀਸ਼ੀਅਨ/ਹੈਲਪਰ, ਪੰਪ ਆਪਰੇਟਰ/ਹੈਲਪਰ, ਕੰਪਿਊਟਰ ਆਪਰੇਟਰ/ਹੈਲਪਰ, ਚੌਕੀਦਾਰ, ਡਰਾਈਵਰ ਆਦਿ ਸ਼ਾਮਲ ਹਨ ਅਤੇ ਹੜਤਾਲ ਦਾ ਪ੍ਰਭਾਵ ਦਸੂਹਾ ਸ਼ਹਿਰ ਭਰ ਵਿੱਚ ਦੇਖਿਆ ਜਾ ਸਕਦਾ ਹੈ। ਦਸੂਹਾ ਵਿੱਚ ਵੱਖ-ਵੱਖ ਥਾਵਾਂ ਅਤੇ ਦੁਕਾਨਾਂ ਦੇ ਆਲੇ-ਦੁਆਲੇ ਕੂੜੇ ਦੇ ਢੇਰ ਦੇਖੇ ਜਾ ਸਕਦੇ ਹਨ, ਜਿੱਥੇ ਮੱਖੀਆਂ ਅਤੇ ਮੱਛਰ ਭਰ ਰਹੇ ਹਨ, ਜੋ ਬਿਮਾਰੀਆਂ ਫੈਲਾਉਣ ਵਿੱਚ ਯੋਗਦਾਨ ਪਾ ਰਹੇ ਹਨ। ਕੂੜੇ ਦੇ ਇਹ ਢੇਰ ਬਦਬੂ ਪੈਦਾ ਕਰ ਰਹੇ ਹਨ, ਜਿਸ ਕਾਰਨ ਰਾਹਗੀਰਾਂ ਨੂੰ ਲੰਘਣਾ ਮੁਸ਼ਕਲ ਹੋ ਰਿਹਾ ਹੈ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਸਿਕੰਦਰ ਮਲਿਕ ਅਤੇ ਸਿਕੰਦਰ ਸਹੋਤਾ ਪ੍ਰਧਾਨ ਨੇ ਕਿਹਾ ਕਿ ਅੱਠ ਦਿਨਾਂ ਬਾਅਦ ਵੀ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਉਨ੍ਹਾਂ ਦੀਆਂ ਮੰਗਾਂ ਸਬੰਧੀ ਉਨ੍ਹਾਂ ਕੋਲ ਨਹੀਂ ਆਇਆ ਹੈ ਅਤੇ ਨਾ ਹੀ ਉਨ੍ਹਾਂ ਦਾ ਹੱਲ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕ ਰਹੀ ਹੈ। ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਠੇਕੇਦਾਰੀ ਪ੍ਰਣਾਲੀ ਖਤਮ ਕੀਤੀ ਜਾਵੇ, ਸਾਰੇ ਆਊਟਸੋਰਸ ਕੀਤੇ ਮੁਲਾਜ਼ਮਾਂ ਨੂੰ ਇਨਸੋਰਸ ਕੀਤਾ ਜਾਵੇ, ਇਨਸੋਰਸ ਕੀਤੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਬਰਾਬਰ ਕੰਮ ਲਈ ਬਰਾਬਰ ਤਨਖਾਹ ਲਾਗੂ ਕੀਤੀ ਜਾਵੇ, ਡੀਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ ਅਤੇ ਮੁਲਾਜ਼ਮਾਂ ਨੂੰ ਬਕਾਇਆ ਤਨਖਾਹ ਕਮਿਸ਼ਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚ ਹੜਤਾਲ ਹੋ ਰਹੀ ਹੈ ਅਤੇ ਅਣਮਿੱਥੇ ਸਮੇਂ ਲਈ ਜਾਰੀ ਰਹੇਗੀ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਮੰਗਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਸਰਕਾਰ ਵੱਲੋਂ ਪੂਰੀਆਂ ਨਹੀਂ ਕੀਤੀਆਂ ਗਈਆਂ ਤਾਂ ਭਵਿੱਖ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਸਰਵਣ ਸਿੰਘ, ਪਰਮਿੰਦਰ ਸਿੰਘ, ਮੋਹਿਤ, ਰਵੀ ਕੁਮਾਰ, ਅਵਿਨਾਸ਼, ਪੂਜਾ ਥਾਪਰ, ਕਰਨ ਤੇਜੀ, ਕਲਭੂਸ਼ਣ, ਰੇਖਾ, ਤਰਸੇਮ, ਦੀਪਕ ਥਾਪਰ, ਮਿੰਟਾ, ਨੀਰੂ, ਕੁਲਦੀਪ, ਪੂਜਾ, ਰਾਮਕਿਸ਼ਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਰਮਚਾਰੀ ਮੌਜੂਦ ਸਨ।

ਬਾਬਾ ਹਰੀ ਦਾਸ ਜੀ ਦੀ 47ਵੀਂ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ

ਬਟਾਲਾ, 14 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸੰਤ ਮਹਾਂਪੁਰਸ਼ ਬਾਬਾ ਹਰੀ ਦਾਸ ਜੀ ਦੀ 47ਵੀਂ ਸਲਾਨਾ ਬਰਸੀ ਸਤਸੰਗ ਘਰ ਜਾਂਗਲਾ ਵਿਖੇ ਬਾਬਾ ਰਾਜ ਭੂਪਿੰਦਰ ਸਿੰਘ ਜੀ ਦੀ ਯੋਗ ਅਗਵਾਈ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਲੜੀਵਾਰ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਖੁੱਲੇ ਪੰਡਾਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਪੰਥ ਪ੍ਰਸਿੱਧ ਰਾਗੀ ਭਾਈ ਰਘਬੀਰ ਸਿੰਘ ਗੁਰਦੁਆਰਾ ਸਿੰਘ ਸਭਾ ਬਟਾਲਾ, ਇੰਟਰਨੈਸ਼ਨਲ ਢਾਡੀ ਜੱਥਾ ਬਲਬੀਰ ਸਿੰਘ ਪਾਰਸ ਦੇ ਜਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਤੇ ਸਾਨੇਮਤੇ ਸਿੱਖ ਇਤਿਹਾਸ ਤੇ ਬਾਬਾ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾ ਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਦਾਰਾਂ ਚ ਅਮਰਜੀਤ ਸਿੰਘ ਰਾਜੂ, ਮਾਸਟਰ ਜਰਨੈਲ ਸਿੰਘ ਬਟਾਲਾ, ਗੁਰਦੇਵ ਸਿੰਘ ਜਾਂਗਲਾ, ਨੰਬਰਦਾਰ ਜਸਬੀਰ ਸਿੰਘ ਸੰਗਤਪੁਰਾ, ਇੰਸਪੈਕਟਰ ਜੋਗਿੰਦਰ ਸਿੰਘ, ਸਾਹਿਬ ਸਿੰਘ ਐਸ.ਐਚ.ਓ., ਡਾ. ਪ੍ਰਤਾਪ ਸਿੰਘ, ਦਲਜੀਤ ਸਿੰਘ, ਇਕਬਾਲ ਸਿੰਘ, ਰਣਜੀਤ ਸਿੰਘ ਬੁਲੋਵਾਲ, ਹਰਪ੍ਰੀਤ ਸਿੰਘ ਗੁਜਰਪੁਰਾ, ਸਤਨਾਮ ਸਿੰਘ ਰਿਆਲੀ, ਕੁਲਵੰਤ ਸਿੰਘ ਮਿਸਤਰੀ, ਹਰਜੋਤ ਸਿੰਘ ਚੱਠਾ, ਸਿਮਰਪ੍ਰੀਤ ਸਿੰਘ ਗੋਰਾ, ਸਾਹਿਬ ਸਿੰਘ ਲਾਲਪੁਰਾ,ਰਾਜਵੀਰ ਸਿੰਘ, ਹਰਜੀਤ ਸਿੰਘ ਬਾਜਵਾ, ਸੁਖਮਨਦੀਪ ਸਿੰਘ ਸਾਰਚੂਰ, ਗੁਰਮੀਤ ਕੌਰ, ਸੰਦੀਪ ਕੌਰ ਘਾੜਕੀਆਂ, ਰਾਜਵੀਰ ਸਿੰਘ,ਦਲਜੀਤ ਸਿੰਘ, ਸੁਖਵਿੰਦਰ ਕੌਰ ਰਿਆਲੀ, ਕਵਲਜੀਤ ਕੌਰ, ਸੁਖਰਾਜ ਕੌਰ, ਰਜਿੰਦਰ ਕੌਰ, ਕੁਲਬੀਰ ਕੌਰ, ਸਤਿੰਦਰ ਕੌਰ ਰਿਆਲੀ, ਸੰਦੀਪ ਕੌਰ, ਸਰਨਜੀਤ ਕੌਰ, ਰਵਿੰਦਰ ਕੌਰ ਆਦਿ ਨੇ ਸੇਵਾ ਨਿਭਾਈ।

ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ SIR ਲਾਗੂ ਕਰਨਾ ਲੋਕਤੰਤਰ 'ਤੇ ਲਗਾਉਂਦੈ ਸਵਾਲੀਆ ਨਿਸ਼ਾਨ : ਦੁਰਲੱਭ ਸਿੱਧੂ

ਚੰਡੀਗੜ੍ਹ, 14 ਮਈ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ): ਦੁਰਲੱਭ ਸਿੱਧੂ ਨੇ ਪੰਜਾਬ ਵਿਧਾਨ ਸਭਾ ਚੋਣਾਂ

ਤੋਂ ਠੀਕ ਪਹਿਲਾਂ ਸ਼ੁਰੂ ਕੀਤੀ ਜਾ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸਆਈਆਰ) ਮੁਹਿੰਮ 'ਤੇ ਗੰਭੀਰ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਰਾਜ ਚੋਣਾਂ ਲਈ ਦਸ ਮਹੀਨਿਆਂ ਤੋਂ ਵੀ ਘੱਟ ਸਮਾਂ ਬਾਕੀ ਰਹਿੰਦਿਆਂ ਅਜਿਹੀ ਪ੍ਰਕਿਰਿਆ ਸ਼ੁਰੂ ਕਰਨਾ ਲੋਕਤੰਤਰੀ ਪ੍ਰਣਾਲੀ 'ਤੇ ਸ਼ੱਕ ਪੈਦਾ ਕਰਦਾ ਹੈ। ਕੇਂਦਰ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਜਦੋਂ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਚੋਣਾਂ ਲਗਭਗ ਇੱਕੋ ਸਮੇਂ ਤਹਿ ਕੀਤੀਆਂ ਜਾਂਦੀਆਂ ਹਨ ਤਾਂ ਪੰਜਾਬ ਵਿੱਚ ਐਸਆਈਆਰ ਵਿੱਚ ਦੇਰੀ ਕਿਉਂ ਕੀਤੀ ਜਾ ਰਹੀ ਹੈ। ਇਹ ਉੱਤਰ ਪ੍ਰਦੇਸ਼ ਅਤੇ ਬੰਗਾਲ ਨਾਲ ਇੱਕੋ ਸਮੇਂ ਕਰਵਾਈਆਂ ਜਾਣੀਆਂ ਚਾਹੀਦੀਆਂ ਸਨ।ਸਿੱਧੂ ਨੇ ਕਿਹਾ ਕਿ ਜੇਕਰ ਚੋਣ ਕਮਿਸ਼ਨ ਦਾ ਉਦੇਸ਼ ਪਾਰਦਰਸ਼ੀ ਅਤੇ ਗਲਤੀ-ਮੁਕਤ ਵੋਟਰ ਸੂਚੀਆਂ ਨੂੰ ਯਕੀਨੀ ਬਣਾਉਣਾ ਸੀ, ਤਾਂ ਇਹ ਪ੍ਰਕਿਰਿਆ ਚੋਣਾਂ ਤੋਂ ਬਾਅਦ ਵੀ ਕੀਤੀ ਜਾ ਸਕਦੀ ਸੀ। ਚੋਣਾਂ ਤੋਂ ਪਹਿਲਾਂ ਇਸ ਅਧਿਕਾਰ ਨੂੰ ਲਾਗੂ ਕਰਨਾ ਕੁਦਰਤੀ ਤੌਰ 'ਤੇ ਲੋਕਾਂ ਵਿੱਚ ਚਿੰਤਾ ਪੈਦਾ ਕਰਦਾ ਹੈ ਕਿ ਇਸਦੇ ਪਿੱਛੇ ਕੋਈ ਰਾਜਨੀਤਿਕ ਉਦੇਸ਼ ਹੈ।ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ, ਕੇਂਦਰ ਸਰਕਾਰ ਦੇ ਪ੍ਰਭਾਵ ਹੇਠ, ਆਪਣੇ ਰਾਜਨੀਤਿਕ ਹਿੱਤਾਂ ਲਈ ਚੋਣ ਪ੍ਰਕਿਰਿਆ ਵਿੱਚ ਹੇਰਾਫੇਰੀ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਰਗੇ ਸੰਵੇਦਨਸ਼ੀਲ ਅਤੇ ਰਾਜਨੀਤਿਕ ਤੌਰ 'ਤੇ ਸੁਚੇਤ ਰਾਜ ਵਿੱਚ, ਅਜਿਹੇ ਉਪਾਵਾਂ ਨੂੰ ਲੈ ਕੇ ਲੋਕਾਂ ਵਿੱਚ ਪਹਿਲਾਂ ਹੀ ਚਿੰਤਾ ਦਾ ਮਾਹੌਲ ਹੈ।ਸਿੱਧੂ ਨੇ ਕਿਹਾ ਕਿ ਬਿਹਾਰ ਅਤੇ ਪੱਛਮੀ ਬੰਗਾਲ ਵਿੱਚ ਵੋਟਰ ਸੂਚੀਆਂ ਬਾਰੇ ਗੰਭੀਰ ਸਵਾਲ ਉਠਾਏ ਗਏ ਹਨ, ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਕੀਤੇ ਜਾਣ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਵਿੱਚ ਕਿਸੇ ਵੀ ਅਸਲੀ ਵੋਟਰ ਦਾ ਨਾਮ ਸੂਚੀ ਵਿੱਚੋਂ ਹਟਾਉਣ ਜਾਂ ਉਨ੍ਹਾਂ ਨੂੰ ਵੋਟ ਪਾਉਣ ਤੋਂ ਰੋਕਣ ਦੀ ਕੋਈ ਵੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਸਵਾਲ ਕੀਤਾ ਕਿ ਜਦੋਂ ਇਹ ਪ੍ਰਕਿਰਿਆ ਉੱਤਰ ਪ੍ਰਦੇਸ਼ ਅਤੇ ਗੋਆ ਵਰਗੇ ਰਾਜਾਂ ਵਿੱਚ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ ਤਾਂ ਚੋਣਾਂ ਤੋਂ ਠੀਕ ਪਹਿਲਾਂ ਪੰਜਾਬ ਵਿੱਚ ਇਸਨੂੰ ਲਾਗੂ ਕਰਨ ਦੀ ਜ਼ਰੂਰਤ ਕਿਉਂ ਮਹਿਸੂਸ ਕੀਤੀ ਗਈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਇਸ 'ਤੇ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ। ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ, ਆਪਣੇ ਵਰਕਰਾਂ ਅਤੇ ਨੇਤਾਵਾਂ ਰਾਹੀਂ, ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਯੋਗ ਵੋਟਰ ਆਪਣੇ ਲੋਕਤੰਤਰੀ ਅਧਿਕਾਰਾਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਰੱਖਿਆ ਕਰਨਾ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਜਾਗਰੂਕ ਨਾਗਰਿਕਾਂ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਰਾਜਨੀਤਿਕ ਮਤਭੇਦਾਂ ਤੋਂ ਉੱਪਰ ਉੱਠਣ ਅਤੇ ਸੂਬੇ ਦੇ ਵੋਟਰਾਂ ਦੇ ਅਧਿਕਾਰਾਂ ਦੀ ਰਾਖੀ ਲਈ ਇੱਕਜੁੱਟ ਹੋਣ, ਤਾਂ ਜੋ ਪੰਜਾਬ ਵਿੱਚ ਚੋਣ ਦੁਰਵਿਵਹਾਰ ਦੀ ਕਿਸੇ ਵੀ ਸੰਭਾਵਨਾ ਨੂੰ ਖਤਮ ਕੀਤਾ ਜਾ ਸਕੇ।

ਬੇਕਾਬੂ ਟਰਾਲੇ ਨੇ ਦੋ ਮਜ਼ਦੂਰਾਂ ਨੂੰ ਕੁਚਲਿਆਂ, ਇੱਕ ਗੰਭੀਰ ਜ਼ਖ਼ਮੀ

ਮਲੋਟ, 14 ਮਈ (ਅਮਨਦੀਪ ਸਿੰਘ ਮਹਿਰ): ਮਲੋਟ ਨੈਸ਼ਨਲ ਹਾਈਵੇ ਤੇ ਲੇਬਰ ਚੌਕ ਵਿੱਚ ਵੀਰਵਾਰ ਸਵੇਰੇ ਕਰੀਬ ਅੱਠ ਵਜੇ ਉਸ ਵਕਤ ਵੱਡਾ ਸੜਕ ਹਾਦਸਾ ਵਾਪਰਿਆ ਜਦੋਂ ਇੱਕ ਬੇਕਾਬੂ ਟਰਾਲੇ ਨੇ ਦੋ ਮਜ਼ਦੂਰਾਂ ਨੂੰ ਬੁਰੀ ਤਰ੍ਹਾਂ ਰਗੜ ਦਿੱਤਾ ਅਤੇ ਉਨ੍ਹਾਂ ਦੀ ਮੌਕੇ ਤੇ ਹੀ ਮੌਤ ਗਈ, ਜਦਕਿ ਜ਼ਖਮੀ ਨੂੰ ਸਰਕਾਰੀ ਹਸਪਤਾਲ ਮਲੋਟ ਵਿਖੇ ਦਾਖ਼ਲ ਕਰਵਾਇਆ ਗਿਆ। ਜਿ

ਸਫ਼ਾਈ ਕਰਮਚਾਰੀਆਂ ਦੀ ਅਣਮਿਥੇ ਸਮੇਂ ਦੀ ਹੜਤਾਲ ਨੌਵੇਂ ਦਿਨ 'ਚ ਦਾਖਲ

ਭੁੱਚੋ ਮੰਡੀ ਨਥਾਣਾ, 14 ਮਈ (ਹਰਬੰਸ ਸਿੰਘ ਭੋਲਾ) : ਪੰਜਾਬ ਸਰਕਾਰ ਵੱਲੋਂ ਸਫ਼ਾਈ ਕਰਮਚਾਰੀਆਂ ਦੇ ਹੱਕ ਨਾ ਪੱਖੀ ਹੁੰਗਾਰਾ ਨਹੀਂ ਮਿਲ ਰਹੀ ਕੋਈ ਰਾਹਤ ਹੜਤਾਲ 'ਤੇ ਬੈਠੇ ਕਰਮਚਾਰੀਆਂ ਗੁੱਸਾ ਹੋਰ ਵਧਿਆ ਪੰਜਾਬ ਪੱਧਰ 'ਤੇ ਕੰਮ ਛੋੜ ਹੜਤਾਲ ਜਿਉਂ ਦੀ ਤਿਉਂ ਕਰਮਚਾਰੀਆਂ ਨੇ ਪੰਜਾਬ ਸਰਕਾਰ 'ਤੇ ਆਪਣਾ ਗੁੱਸਾ ਕਢਦੇ ਹੋਏ ਜੰਮਕੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਹਰੇ ਲਾ ਪੰਜਾਬ ਸਰਕਾਰ ਨੂੰ ਆਪਣੀਆ ਹੱਕੀ ਮੰਗਾਂ ਲਈ ਕੋਸਦੇ ਹੋਏ ਤੀਸਰੇ ਦਿਨ ਧਰਨੇ ਤੇ ਅਤ ਦੀ ਗਰਮੀ ਤੇ ਵਗ ਰਹੀ ਲੋਅ ਦੀ ਆਪਣੇ ਪੇਟ ਤੇ ਬੱਚਿਆਂ ਦੀ ਪਰਵਰਿਸ਼ ਲਈ ਔਕੜਾਂ ਦਾ ਸਾਹਮਣਾ ਕਰਦੇ ਹੋਏ ਆਰ ਪਾਰ ਦੀ ਲੜਾਈ ਲਈ ਸਰਗਰਮ ਪੰਜਾਬ 'ਚ ਮਿਉਂਸੀਪਲ ਮੁਲਾਜ਼ਮਾਂ ਐਕਸ਼ਨ ਕਮੇਟੀ ਅਤੇ ਸਫਾਈ ਸੇਵਕ ਯੂਨੀਅਨ ਵੱਲੋਂ ਆਪਣੀਆ ਲੰਬਿਤ ਪਈਆਂ ਮੰਗਾਂ ਲੈਕੇ ਦਿੱਤੇ ਸੂਬਾ ਪੱਧਰੀ ਧਰਨੇ ਅਣਮਿੱਥੇ ਸਮੇਂ ਲਈ ਕੰਮ ਛੋੜ ਹੜਤਾਲ ਦੇ ਸੱਦੇ ਤਹਿਤ ਅੱਜ ਭੁੱਚੋ ਮੰਡੀ 'ਚ ਸਫ਼ਾਈ ਕਰਮਚਾਰੀਆਂ ਵੱਲੋਂ ਆਪਣਾ ਕੰਮ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ । ਕਰਮਚਾਰੀਆਂ ਨੇ ਨਗਰ ਕੌਂਸਲ ਦਫ਼ਤਰ ਅੱਗੇ ਇਕੱਠੇ ਹੋ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਹੋਇਆਂ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਜਲਦ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਆਗੂ ਦਿਲਬਾਗ ਰਾਏ, ਪੱਪੂ ਰਾਮ, ਮਨੋਜ ਕੁਮਾਰ,ਰਮੇਸ਼ ਕੁਮਾਰ ,ਹਰਦੇਵ ਸਿੰਘ,ਲੱਕੀ, ਪਰਮਜੀਤ ਕੌਰ, ਦਰਸ਼ਨਾਂ ਦੇਵੀ, ਧਰਮਪਾਲ,ਅਜੇ ਕੁਮਾਰ, ਬਜਿੰਦਰ ਕੁਮਾਰ,ਲਛਮਣ ਦਾਸ, ਅਤੇ ਸੰਜੀਵ ਕੁਮਾਰ ਤੋਂ ਇਲਾਵਾ ਹੋਰ ਵੀ ਸੀਨੀਅਰ ਆਗੂਆਂ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਸਰਕਾਰ ਵੱਲੋਂ ਸਫ਼ਾਈ ਕਰਮਚਾਰੀਆਂ ਨਾਲ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ, ਲੰਬੇ ਸਮੇਂ ਤੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣ ਗੋਲਿਆਂ ਕੀਤਾ ਜਾ ਰਿਹਾ। ਸਫਾਈ ਕਰਮਚਾਰੀਆਂ ਦੀ ਮੰਗ ਹੈ ਕਿ ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਆਊਟਸੋਰਸਿੰਗ ਰਾਹੀਂ ਕੰਮ ਕਰ ਰਹੇ,ਮਾਲੀ, ਸੇਵਾਦਾਰ, ਬੇ ਲਦਾਰ,ਇਲੈਕਟ੍ਰੀਸ਼ਨ,ਪੰਪ ਆਪਰੇਟਰ, ਕਲੱਰਕ, ਡਰਾਈਵਰ, ਸਫ਼ਾਈ ਸੇਵਕ,ਸੀਵਰਮੈਨ ਅਤੇ ,ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਕੇ ਵਿਭਾਗ ਅਧੀਨ ਲਿਆਂਦਾ ਜਾਵੇ।

ਬਠਿੰਡਾ 'ਚ ਸਫ਼ਾਈ ਸੇਵਕਾਂ ਦੀ ਹੜਤਾਲ 9ਵੇਂ ਦਿਨ ਵੀ ਰਹੀ ਜਾਰੀ, ਗੰਦਗੀ ਦੇ ਢੇਰਾਂ ਹੇਠ ਦੱਬਿਆ ਸ਼ਹਿਰ, ਬਿਮਾਰੀਆਂ ਫੈਲਣ ਦਾ ਡਰ

ਬਠਿੰਡਾ, 14 ਮਈ (ਦੀਪਕ ਸ਼ਰਮਾ) :ਨਗਰ ਨਿਗਮ ਦੇ ਸਫ਼ਾਈ ਸੇਵਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਵਿੱਢੀ ਗਈ ਹੜਤਾਲ ਅੱਜ 9ਵੇਂ ਦਿਨ ਵੀ ਜਾਰੀ ਰਹੀ, ਜਿਸ ਕਾਰਨ ਪੂਰੇ ਸ਼ਹਿਰ ਦੀ ਸਫ਼ਾਈ ਵਿਵਸਥਾ ਬੁਰੀ ਤਰ੍ਹਾਂ ਲੀਹੋਂ ਲੱਥ ਗਈ ਹੈ। ਸ਼ਹਿਰ ਦੀਆਂ ਮੁੱਖ ਸੜਕਾਂ ਤੋਂ ਲੈ ਕੇ ਗਲੀਆਂ-ਮੋੜਾਂ ਤੱਕ ਕੂੜੇ ਦੇ ਪਹਾੜ ਉਸਰ ਚੁੱਕੇ ਹਨ ਅਤੇ ਹੁਣ ਤੱਕ ਕਰੀਬ ਇੱਕ ਹਜ਼ਾਰ ਟਨ ਗੰਦਗੀ ਜਮ੍ਹਾਂ ਹੋਣ ਕਾਰਨ ਲੋਕਾਂ ਦਾ ਜੀਣਾ ਮੁਹਾਲ ਹੋ ਗਿਆ ਹੈ। ਭਿਆਨਕ ਗਰਮੀ ਅਤੇ ਪੈ ਰਹੇ ਮੀਂਹ ਦੇ ਛਰਾਟਿਆਂ ਕਾਰਨ ਇਨ੍ਹਾਂ ਢੇਰਾਂ ਵਿੱਚੋਂ ਉੱਠਦੀ ਬਦਬੂ ਨੇ ਲੋਕਾਂ ਦਾ ਘਰਾਂ ਵਿੱਚ ਰਹਿਣਾ ਔਖਾ ਕਰ ਦਿੱਤਾ ਹੈ, ਉੱਥੇ ਹੀ ਡੇਂਗੂ, ਮਲੇਰੀਆ ਅਤੇ ਹੋਰ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਸਿਖਰਾਂ 'ਤੇ ਪਹੁੰਚ ਗਿਆ ਹੈ।ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕੀਤੇ ਜਾਣ ਦੀ ਮੰਗ 'ਤੇ ਅੜੇ ਸਫ਼ਾਈ ਸੇਵਕ ਨਗਰ ਨਿਗਮ ਦਫ਼ਤਰ ਦੇ ਬਾਹਰ ਲਗਾਤਾਰ ਧਰਨਾ ਦੇ ਰਹੇ ਹਨ। ਮੁਲਾਜ਼ਮਾਂ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਰੋਸ ਮਾਰਚ ਕੱਢ ਕੇ ਲੋਕਾਂ ਨੂੰ ਆਪਣੀਆਂ ਮੰਗਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਨਿਗਮ ਅਧਿਕਾਰੀਆਂ ਅਤੇ ਯੂਨੀਅਨ ਆਗੂਆਂ ਵਿਚਕਾਰ ਕਈ ਗੇੜ ਦੀ ਗੱਲਬਾਤ ਹੋਣ ਦੇ ਬਾਵਜੂਦ ਅਜੇ ਤੱਕ ਕੋਈ ਸਾਰਥਕ ਹੱਲ ਨਹੀਂ ਨਿਕਲ ਸਕਿਆ। ਸਫ਼ਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਮਾਲੀ ਅਤੇ ਸੀਵਰੇਜ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਰਵੀ ਕੁਮਾਰ ਨੇ ਪ੍ਰਸ਼ਾਸਨ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਹਰ ਵਾਰ ਉਨ੍ਹਾਂ ਨੂੰ ਸਿਰਫ਼ ਖੋਖਲੇ ਭਰੋਸੇ ਦੇ ਕੇ ਟਾਲ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਈ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਅਣ-ਕੁਸ਼ਲ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਜਲਦੀ ਕੋਈ ਠੋਸ ਫੈਸਲਾ ਨਾ ਲਿਆ ਗਿਆ ਤਾਂ ਉਹ ਆਪਣੇ ਪਰਿਵਾਰਾਂ ਸਮੇਤ ਸੜਕਾਂ ਤੇ ਉਤਰ ਕੇ ਜਾਮ ਲਗਾਉਣਗੇ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਉੱਧਰ, ਨਿਗਮ ਕਮਿਸ਼ਨਰ ਲਵਜੀਤ ਕਲਸੀ ਦਾ ਕਹਿਣਾ ਹੈ ਕਿ ਕੁਝ ਛੋਟੀਆਂ ਮੰਗਾਂ ਮੰਨ ਲਈਆਂ ਗਈਆਂ ਹਨ, ਪਰ ਪੱਕੇ ਕਰਨ ਦੀ ਮੁੱਖ ਮੰਗ ਸਰਕਾਰ ਦੇ ਪੱਧਰ 'ਤੇ ਵਿਚਾਰ ਅਧੀਨ ਹੈ।ਸ਼ਹਿਰ ਵਿੱਚ ਗੰਦਗੀ ਦਾ ਇਹ ਸੰਕਟ ਕੋਈ ਨਵਾਂ ਨਹੀਂ ਹੈ,ਸਗੋਂ ਪਿਛਲੇ ਛੇ ਸਾਲਾਂ ਤੋਂ ਨਿਯਮਿਤ ਭਰਤੀ ਦਾ ਮਾਮਲਾ ਲਟਕਿਆ ਹੋਇਆ ਹੈ। ਕਾਂਗਰਸ ਸਰਕਾਰ ਵੇਲੇ 322 ਅਸਾਮੀਆਂ ਦੀ ਸ਼ੁਰੂ ਹੋਈ ਪ੍ਰਕਿਰਿਆ ਬਾਅਦ ਵਿੱਚ 597 ਤੱਕ ਤਾਂ ਪਹੁੰਚੀ ਪਰ ਸਿਰੇ ਨਹੀਂ ਚੜ੍ਹ ਸਕੀ। ਇਹੀ ਕਾਰਨ ਹੈ ਕਿ ਹਰ ਤਿੰਨ-ਚਾਰ ਮਹੀਨੇ ਬਾਅਦ ਮੁਲਾਜ਼ਮ ਹੜਤਾਲ 'ਤੇ ਚਲੇ ਜਾਂਦੇ ਹਨ। ਇਸ ਖਿੱਚੋਤਾਣ ਦਾ ਸਭ ਤੋਂ ਵੱਧ ਖ਼ਮਿਆਜ਼ਾ ਆਮ ਜਨਤਾ ਭੁਗਤ ਰਹੀ ਹੈ, ਜਿਨ੍ਹਾਂ ਦੇ ਘਰਾਂ ਵਿੱਚ ਹਫ਼ਤੇ ਤੋਂ ਵੱਧ ਸਮੇਂ ਤੋਂ ਕੂੜਾ ਨਹੀਂ ਚੁੱਕਿਆ ਗਿਆ।

ਜੀ.ਏ. ਤੇ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਭੜਕੇ ਨਿਗਮ ਮੁਲਾਜ਼ਮ; ਵੋਟਾਂ ਦੇ ਬਾਈਕਾਟ ਨੇ ਸਰਕਾਰ ਦੀ ਵਧਾਈ ਚਿੰਤਾ

ਬਠਿੰਡਾ, 14 ਮਈ (ਦੀਪਕ ਸ਼ਰਮਾ)ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਮਿਉਂਸਪਲ ਯੂਨੀਅਨਾਂ ਵਿਚਾਲੇ ਤਕਰਾਰ ਹੋਰ ਵਧ ਗਈ ਹੈ। ਪੰਜਾਬ ਮਿਉਂਸਪਲ ਵਰਕਰਜ਼ ਯੂਨੀਅਨ ਅਤੇ ਪੈਨਸ਼ਨਰਾਂ ਦੀ ਜਥੇਬੰਦੀ ਨੇ ਸਰਕਾਰ ਦੇ ਰਵੱਈਏ ਨੂੰ ਮੁਲਾਜ਼ਮ ਵਿਰੋਧੀ ਗਰਦਾਨਦਿਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਨਾ ਪਾਉਣ ਦੀ ਖੁੱਲ੍ਹੀ ਅਪੀਲ ਕੀਤੀ ਹੈ। ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਮੁਲਾਜ਼ਮਾਂ ਦੀਆਂ ਬੁਨਿਆਦੀ ਮੰਗਾਂ ਨੂੰ ਅੱਖੋਂ-ਓਹਲੇ ਕਰ ਰਹੀ ਹੈ।ਸੂਬਾਈ ਆਗੂਆਂ ਜਨਕ ਰਾਜ, ਰਵਿੰਦਰ ਸਿੰਘ ਚੀਮਾ, ਭੋਲਾ ਸਿੰਘ ਅਤੇ ਟੇਕ ਚੰਦ ਨੇ ਦੱਸਿਆ ਕਿ ਪੰਜਾਬ ਦੇ ਹਜ਼ਾਰਾਂ ਮਿਉਂਸਪਲ ਕਰਮਚਾਰੀ ਅੱਜ ਵੀ ਆਊਟਸੋਰਸ ਅਤੇ ਠੇਕਾ ਪ੍ਰਣਾਲੀ ਦੇ ਜਾਲ ਵਿੱਚ ਫਸੇ ਹੋਏ ਹਨ। ਉਨ੍ਹਾਂ ਨੂੰ ਪੱਕਾ ਕਰਨ ਦੀ ਬਜਾਏ ਸਰਕਾਰ ਮਹਿੰਗਾਈ ਭੱਤੇ ਤੇ ਵੀ ਰੋਕ ਲਗਾਉਣ ਦੀ ਕੋਸ਼ਿਸ਼ ਵਿੱਚ ਹੈ। ਕੇਂਦਰੀ ਮੁਲਾਜ਼ਮਾਂ ਦੇ ਮੁਕਾਬਲੇ ਪੰਜਾਬ ਦੇ ਮੁਲਾਜ਼ਮਾਂ ਨਾਲ ਹੋ ਰਹੀ ਇਸ ਬੇਇਨਸਾਫ਼ੀ ਕਾਰਨ ਹੁਣ ਸੰਘਰਸ਼ ਦਾ ਰਸਤਾ ਚੁਣਿਆ ਗਿਆ ਹੈ।ਆਗੂਆਂ ਨੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਇਹ ਮੁਲਾਜ਼ਮਾਂ ਦੇ ਭਵਿੱਖ ਦਾ ਸਵਾਲ ਹੈ। ਯੂਨੀਅਨ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਸਰਕਾਰ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਚੋਣਾਂ ਦੌਰਾਨ ਪੰਜਾਬ ਭਰ ਵਿੱਚ ਸਰਕਾਰ ਵਿਰੋਧੀ ਲਹਿਰ ਚਲਾਈ ਜਾਵੇਗੀ ਅਤੇ ਕਿਸੇ ਵੱਡੇ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ।

ਦੁਕਾਨਦਾਰ ਦੀ ਕੁੱਟਮਾਰ ਕਰਨ ਵਾਲੇ ਪੁਲਿਸ ਵੱਲੋਂ ਕਾਬੂ

ਫਰੀਦਕੋਟ, 14 ਮਈ (ਅਵਤਾਰ ਸਿੰਘ ਮੱਲਾ): ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਮਾੜੇ ਅਤੇ ਸ਼ਰਾਰਤੀ ਅਨਸਰਾਂ ਖਿਲਾਫ਼ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਦੀ ਰਹੀ ਹੈ। ਇਸੇ ਤਹਿਤ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਤੇ ਇਕਬਾਲ ਸਿੰਘ ਡੀ.ਐਸ.ਪੀ (ਸਬ-ਡਵੀਜਨ) ਜੈਤੋ ਦੇ ਦਿਸ਼ਾ ਨਿਰਦੇਸ਼ਾ ਤਹਿਤ ਮਾੜੇ ਅਨਸਰਾ ਖਿਲਾਫ ਕਾਰਵਾਈ ਕਰਦੇ ਹੋਏ ਥਾਣਾ ਜੈਤੋ ਵੱਲੋਂ ਦੁਕਾਨ ਅੰਦਰ ਦਾਖਿਲ ਹੋ ਕੇ ਕੁੱਟਮਾਰ ਦੀ ਵਾਰਦਾਤ ਵਿੱਚ ਸ਼ਾਮਿਲ ਗਿਰੋਹ ਦੇ 8 ਮੈਬਰਾ ਨੂੰ ਕਾਬੂ ਕੀਤਾ ਗਿਆ ਹੈ।ਗ੍ਰਿਫਤਾਰ ਦੋਸ਼ੀਆਂ ਦੀ ਪਹਿਚਾਣ ਹਰਦੀਪ ਸਿੰਘ ਉਰਫ ਵਣਜਾਰਾ, ਸੁਮਨ ਕੌਰ ਪਤਨੀ ਹਰਦੀਪ ਸਿੰਘ ਉਰਫ ਵਣਜਾਰਾ, ਵਿਸ਼ੇਸ਼ ਮਹਿਤਾ ਉਰਫ ਮੱਤਾ, ਜਸਪ੍ਰੀਤ ਸਿੰਘ ਉਰਫ ਜੱਸੂ, ਲੱਖਨ, ਹਰਪ੍ਰੀਤ ਸਿੰਘ ਅਤੇ ਬੱਬੀ ਸਿੰਘ ਅਤੇ ਇੱਕ ਜੁਵੇਨਾਇਲ ਵਜੋ ਹੋਈ ਹੈ, ਜੋ ਇਹ ਸਾਰੇ ਦੋਸ਼ੀ ਜੈਤੋ ਦੇ ਰਿਹਾਇਸ਼ੀ ਹਨ। ਪੁਲਿਸ ਟੀਮਾਂ ਵੱਲੋ ਦੋਸ਼ੀਆ ਪਾਸੋ 1 ਪਿਸਟਲ 32 ਬੋਰ ਸਮੇਤ ਮੈਗਜੀਨ, 1 ਲੋਹੇ ਦਾ ਖੰਡਾ ਤੇ 1 ਨਲਕੇ ਦੀ ਹੱਥੀ ਵੀ ਬਰਾਮਦ ਕੀਤੀ ਗਈ ਹੈ। ਇਸ ਤੋ ਇਲਾਵਾ 2 ਸਪਲੈਡਰ ਮੋਟਰਸਾਈਕਲ ਵੀ ਕਬਜੇ ਵਿੱਚ ਲਏ ਗਏ ਹਨ।ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕ ਰਿਮਾਡ ਹਾਸਿਲ ਕੀਤਾ ਜਾ ਰਿਹਾ ਹੈ। ਰਿਮਾਡ ਹਾਸਿਲ ਕਰਨ ਉਪਰੰਤ ਦੋਸ਼ੀਆਂ ਪਾਸੋ ਹੋਰ ਪੁੱਛਗਿੱਛ ਕੀਤੀ ਜਾਵੇਗੀ। ਫਰੀਦਕੋਟ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਲਗਾਤਾਰ ਕਾਰਵਾਈ ਕਰਦੇ ਹੋਏ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਨਿਭਾਈ ਜਾ ਰਹੀ ਹੈ। ਜਿਲ੍ਹੇ ਦੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ, ਅਤੇ ਇਸ ਉਦੇਸ਼ ਲਈ ਫਰੀਦਕੋਟ ਪੁਲਿਸ ਲਗਾਤਾਰ ਮਾੜੇ ਅਨਸਰਾਂ ਖ਼ਿਲਾਫ ਸਖਤ ਕਦਮ ਚੁੱਕਦੀ ਰਹੇਗੀ।

ਸਰਕਾਰ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਵਾਅਦਾ ਨਿਭਾਅ ਰਹੀ ਹੈ : ਸਿੰਗਲਾ

ਲਹਿਰਾਗਾਗਾ, 14 ਮਈ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ) : ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨ ਹਤੈਸ਼ੀ ਹੋਣ ਦਾ ਸਬੂਤ ਦਿੰਦਿਆਂ ਸੋਣੀ ਦੀਆਂ ਫਸਲਾਂ ਦੇ ਐਮਐਸਪੀ ਵਿੱਚ ਭਾਰੀ ਵਾਧਾ ਕੀਤਾ ਹੈ। ਇਹ ਵਿਚਾਰ ਭਾਰਤੀ ਜਨਤਾ ਪਾਰਟੀ ਦੇ ਸੂਬਾ ਕਾਰਜਕਾਰਨੀ ਮੈਂਬਰ ਵਿਨੋਦ ਕੁਮਾਰ ਸਿੰਗਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨਾ ਕਿਹਾ ਕਿ ਸਰਕਾਰ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਵਾਅਦਾ ਨਿਭਾ ਰਹੀ ਹੈ, ਜਿਸਦੇ ਚਲਦਿਆਂ ਉਹਨਾਂ ਨੇ ਸੋਣੀ ਦੀਆਂ ਫਸਲਾਂ ਸਬੰਧੀ 72 ਰੁਪਏ ਪ੍ਰਤੀ ਕੁਇੰਟਲ ਤੋਂ ਲੈ ਕੇ 622 ਰੁਪਏ ਪ੍ਰਤੀ ਕੁਇੰਟਲ ਦਾ ਭਾਰੀ ਵਾਧਾ ਕੀਤਾ ਹੈ। ਭਾਜਪਾ ਆਗੂ ਵਿਨੋਦ ਸਿੰਗਲਾ ਨੇ ਵਿਸਥਾਰ ਪੂਰਵਕ ਦੱਸਦਿਆਂ ਕਿਹਾ, ਕਿ ਝੋਨੇ ਦੇ ਰੇਟ ਵਿੱਚ 72 ਰੁਪਏ ਪ੍ਰਤੀ ਕੁਇੰਟਲ, ਹਾਈਬ੍ਰਿਡ ਜਵਾਰ ਵਿੱਚ 324, ਬਾਜਰੇ ਦੀ ਕੀਮਤ ਵਿੱਚ 125, ਰਾਗੀ ਦੀ ਕੀਮਤ ਵਿੱਚ 319,ਅਰਹਰ ਵਿੱਚ 450, ਮਹਾਂ ਵਿੱਚ 400, ਸੂਰਜਮੁਖੀ ਦੇ ਰੇਟ ਵਿੱਚ 622 ਰੁਪਏ, ਸੋਇਆਬੀਨ ਵਿੱਚ 380 ਰੁਪਏ, ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ।

ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦਾ ਵਪਾਰ ਮੰਡਲ ਵੱਲੋਂ ਸਨਮਾਨ

ਸੁਨਾਮ, 14 ਮਈ (ਮੋਹਣ ਸ਼ਰਮਾ/ ਰਾਘੂਵਰਿੰਦਰ ਮਠਾੜੂ) :ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਚੇਅਰਮੈਨ ਸੰਦੀਪ ਜੈਨ ਅਤੇ ਉਪ ਚੇਅਰਮੈਨ ਸੁਰੇਸ਼ ਬਾਂਸਲ ਵੱਲੋਂ ਜ਼ਿਲ੍ਹਾ ਸੰਗਰੂਰ ਦੀ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਵਪਾਰ ਮੰਡਲ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦੇ ਪ੍ਰਸ਼ਾਸਕੀ ਕੰਮਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ, ਲੋਕ ਹਿਤ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਅਤੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ।ਚੇਅਰਮੈਨ ਸੰਦੀਪ ਜੈਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਪਾਰੀਆਂ ਨਾਲ ਸਹਿਯੋਗਾਤਮਕ ਰਵੱਈਆ ਅਪਣਾਇਆ ਜਾ ਰਿਹਾ ਹੈ, ਜਿਸ ਨਾਲ ਵਪਾਰਕ ਮਾਹੌਲ ਨੂੰ ਮਜ਼ਬੂਤੀ ਮਿਲ ਰਹੀ ਹੈ। ਉਪ ਚੇਅਰਮੈਨ ਸੁਰੇਸ਼ ਬਾਂਸਲ ਨੇ ਵੀ ਡਿਪਟੀ ਕਮਿਸ਼ਨਰ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਅਤੇ ਵਪਾਰੀ ਵਰਗ ਦੇ ਆਪਸੀ ਸਹਿਯੋਗ ਨਾਲ ਹੀ ਜ਼ਿਲ੍ਹੇ ਦੇ ਵਿਕਾਸ ਨੂੰ ਹੋਰ ਗਤੀ ਮਿਲ ਸਕਦੀ ਹੈ।

ਖ਼ਾਲਸਾ ਸਕੂਲ ਦੀ ਸਵਪਨਦੀਪ ਕੌਰ ਨੇ ਬਾਰਵੀਂ ਵਿੱਚ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ

ਤਲਵੰਡੀ ਸਾਬੋ, 14 ਮਈ (ਰਾਮ ਜਿੰਦਲ ਜਗਾਂ) :ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਮਾਰਚ 2026 ਦੀ ਬਾਰਵੀਂ ਪੱਧਰ ਦੀ ਪ੍ਰੀਖਿਆ ਦੇ ਨਤੀਜਿਆਂ ਦਾ ਐਲਾਨ ਕੀਤਾ ਤੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਇਲਾਕੇ ਦੀ ਮੋਹਰੀ ਸਿੱਖਿਆ ਸੰਸਥਾ ਖਾ

ਮਾਤਾ ਗੁਜਰੀ ਪਬਲਿਕ ਸ.ਸ. ਸਕੂਲ ਧਨੌਲਾ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ

ਧਨੌਲਾ, 14 ਮਈ (ਚਮਕੌਰ ਸਿੰਘ ਗੱਗੀ) : ਮੰਡੀ ਧਨੌਲਾ ਇਲਾਕੇ ਦੀ ਉੱਘੀ ਸੰਸਥਾ ਮਾਤਾ ਗੁਜਰੀ ਪਬਲਿਕ ਸ.ਸ. ਸਕੂਲ ਦਾ ਬਾਰ੍ਹਵੀਂ ਜਮਾਤ (ਸੈਸ਼ਨ 2025- 26) ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਸ਼ਾਨਦਾਰ ਰਿਹਾ। ਬਾਰ੍ਹਵੀਂ ਜਮਾਤ ਵਿੱਚੋਂ ਨੌਨ ਮੈਡੀਕਲ ਗਰੁੱਪ ਵਿੱਚੋਂ ਜਸ਼ਨਪ੍ਰੀਤ ਕੌਰ ਨੇ 99.2% ਅੰਕ ਹਾਸਲ ਕਰਕੇ ਪੂਰੇ ਇੰਡੀਆ ਵਿੱਚੋਂ ਪੋਜੀਸ਼ਨ ਹੋਲਡਰ ਬਣਨ 'ਤੇ ਮਾਤਾ ਗੁਜਰੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਪੂਰੀ ਦੁਨੀਆਂ ਭਰ ਵਿਚ ਰੋਸ਼ਨ ਕੀਤਾ। ਉਸ ਨਾਲ ਸਕੂਲ 'ਚੋਂ ਹਰਜੋਤ ਕੌਰ ਭੈਣੀ ਮਹਿਰਾਜ ਨੇ 94% ਅੰਕ, ਲਵਪ੍ਰੀਤ ਕੌਰ ਧਨੌਲਾ 90.4, ਸੰਦੀਪ ਕੌਰ ਭੈਣੀ ਫੱਤਾ 90.4%, ਪ੍ਰਭਜੋਤ ਸਿੰਘ ਅਤਰ ਸਿੰਘ ਵਾਲਾ ਨੇ 89%, ਬੇਅੰਤ ਕੌਰ ਲੌਹਾ ਖੇੜਾ 88.5%, ਜਸ਼ਨਦੀਪ ਕੌਰ ਲੌਹਾ ਖੇੜਾ 87%, ਅੰਮ੍ਰਿਤਪਾਲ ਕੌਰ 86% ਨੇ ਕਾਮਰਸ ਗਰੁੱਪ ਵਿੱਚੋਂ ਅਤੇ ਜਸਵੀਰ ਕੌਰ ਧਨੌਲਾ 91.4%, ਜਸਨਦੀਪ ਕੌਰ ਕਾਲੇਕੇ 89%, ਜਸ਼ਨਦੀਪ ਕੌਰ ਕਾਲੇਕੇ 89%, ਸਿਮਰਨਜੋਤ ਕੌਰ ਭੈਣੀ ਮਹਿਰਾਜ 87% ਆਰਟਸ ਵਿੱਚੋਂ ਅੰਕ ਪ੍ਰਾਪਤ ਕੀਤੇ ਸਿਮਰਨਜੋਤ ਕੌਰ ਭੈਣੀ ਮਹਿਰਾਜ ਨੇ ਨੌਨ ਮੈਡੀਕਲ ਵਿੱਚੋਂ 87%,, ਮਹਿਕਪ੍ਰੀਤ ਕੌਰ ਕੋਠੇ ਰਜਿੰਦਰਪੁਰਾ ਨੇ 85.5%, ਮਨਦੀਪ ਕੌਰ ਧਨੌਲਾ ਨੇ 85% ਅੰਕ ਹਾਸਲ ਕਰਕੇ ਸਕੂਲ ਦਾ ਨਾਮ ਚਮਕਾਇਆ ਗਿਆ। ਸਕੂਲ ਦੇ ਚੇਅਰਮੈਨ ਬਿਕਰਮਜੀਤ ਸਿੰਘ ਵਾਲੀਆ ਨੇ ਬੱਚਿਆਂ ਨੂੰ ਬੱਚਿਆਂ ਦੇ ਮਾਪਿਆਂ ਦੇ ਨਾਲ ਸਕੂਲ ਦੇ ਸਟਾਫ ਨੂੰ ਵਧਾਈ ਦਿੱਤੀ । ਪ੍ਰਿੰਸੀਪਲ ਵਰੁਣਦੀਪ ਕੌਰ ਵਾਲੀਆ ਨੇ ਕਿਹਾ ਕਿ ਆਪਣੀ ਵੱਖਰੀ ਪਹਿਚਾਨ ਬਣਾਉਣ ਦੇ ਨਾਲ ਨਾਲ ਇਹ ਸਿਹਰਾ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਸਮਰਥਿਤ ਕੀਤਾ ਜਾਂਦਾ ਹੈ। ਅਵਤਾਰ ਸਿੰਘ ਨੇ ਆਪਣੇ ਬਚਨ ਸਾਂਝੇ ਕਰਦਿਆਂ ਕਿਹਾ ਕਿ ਨਤੀਜਿਆਂ ਵਿੱਚੋਂ ਵਧੀਆ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਅਧਿਆਪਕ ਅਵਤਾਰ ਸਿੰਘ, ਵਾਈਸ ਪ੍ਰਿੰਸੀਪਲ ਨਵਜੋਤ ਕੌਰ, ਬਬਨਜੋਤ ਕੌਰ, ਵੀਰਪਾਲ ਕੌਰ, ਯੋਗੇਸ਼ ਅਨੁਪਰ ਸਲੋਨੀ, ਜਸਪ੍ਰੀਤ ਕੌਰ ਆਦਿ ਅਧਿਆਪਕ ਆਦਿ ਅਧਿਆਪਕਾਂ ਨੇ ਵੀ ਬੱਚਿਆਂ ਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

ਜ਼ਿਲ੍ਹਾ ਬਰਨਾਲਾ ਦੇ ਮੈਰਿਟ ਵਿੱਚ ਆਏ ਵਿਦਿਆਰਥੀਆਂ ਦਾ ਡੀ.ਸੀ. ਵੱਲੋਂ ਸਨਮਾਨ

ਬਰਨਾਲਾ, 14 ਮਈ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐੱਸ ਨੇ ਅੱਜ ਜ਼ਿਲ੍ਹਾ ਬਰਨਾਲਾ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਸੂਚੀ ਵਿਚ ਸਥਾਨ ਬਣਾਉਣ ਵਾਲੇ 9 ਵਿਦਿਆਰਥੀਆਂ ਅਤੇ ਦਸਵੀਂ ਦੇ ਮੈਰਿਟ ਵਾਲੇ 2 ਵਿਦਿਆਰਥੀਆਂ ਦਾ ਸਨਮਾਨ ਕੀਤਾ। ਬਾਰ੍ਹਵੀਂ ਵਿੱਚੋਂ ਜ਼ਿਲ੍ਹੇ ਵਿੱਚੋਂ ਪਹਿਲੇ ਸਥਾਨ ਅਤੇ ਮੈਰਿਟ ਵਿਚ 5ਵਾਂ ਰੈਂਕ ਹਾਸਲ ਕਰਨ ਵਾਲੀ ਨਿਸ਼ਾ ਰਾਣੀ ਸੂਬਾ ਪੱਧਰ ਦੀ ਨੌਂਟਬਾਲ ਦੀ ਖਿਡਾਰਨ ਹੈ। ਇਸੇ ਤਰ੍ਹਾਂ ਭਦੌੜ ਸਕੂਲ ਦੀ ਰਿਪਨਦੀਪ ਕੌਰ ਨੇ ਕੌਮੀ ਪੱਧਰ 'ਤੇ ਪੇਂਟਿੰਗ ਵਿਚ ਨਾਮ ਚਮਕਾਇਆ ਤੇ ਪਹਿਲਾ ਸਥਾਨ ਹਾਸਲ ਕੀਤਾ ਹੈ। ਨਿਸ਼ੂ ਗਾਇਕੀ ਵਿਚ ਅੱਗੇ ਵੱਧ ਰਹੀ ਹੈ। ਫਰਵਾਹੀ ਸਕੂਲ ਦੀ ਸੋਨੀਆ ਦੇ ਪਿਤਾ ਰਾਜ ਮਿਸਤਰੀ ਹਨ ਅਤੇ ਆਮ ਘਰ ਨਾਲ ਸਬੰਧਤ ਹੋਣ ਦੇ ਬਾਵਜੂਦ ਆਪਣੀ ਮਿਹਨਤ ਸਦਕਾ ਸਾਇੰਸ ਗਰੁੱਪ ਵਿਚ ਮੱਲਾਂ ਮਾਰੀਆਂ ਹਨ। ਬਾਰ੍ਹਵੀਂ ਵਿੱਚ ਮੈਰਿਟ ਸੂਚੀ ਸਥਾਨ ਬਣਾਉਣ ਵਾਲੇ ਬੱਚਿਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌੜਾਂ ਦੀ ਵਿਦਿਆਰਥਣ ਨਿਸ਼ਾ ਰਾਣੀ ਪੁੱਤਰੀ ਜਸਵੀਰ ਸਿੰਘ ਅਤੇ ਸੁਮਨਪ੍ਰੀਤ ਕੌਰ (99.20%) ਹਾਸਲ ਕਰਕੇ ਸੂਬੇ ਵਿੱਚੋਂ 5ਵਾਂ ਸਥਾਨ ਹਾਸਲ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਸ਼ਹਿਣਾ ਦੀ ਵਿਦਿਆਰਥਣ ਤਨਵੀਰ ਕੌਰ ਪੁੱਤਰੀ ਕਰਮਜੀਤ ਸਿੰਘ ਅਤੇ ਪਰਮਜੀਤ ਕੌਰ, ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਖਪੁਰਾ ਦੇ ਦਿਵਿਆਜੋਤ ਸਿੰਘ ਕਲੇਰ ਪੁੱਤਰ ਚਮਕੌਰ ਸਿੰਘ ਅਤੇ ਇੰਦੂ ਸਿਮਕ (98.20%) ਨਾਲ 10ਵਾਂ ਸਥਾਨ ਹਾਸਲ ਕੀਤਾ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰਵਾਹੀ ਦੇ ਰਾਘਵ ਕੌਸ਼ਲ ਪੁੱਤਰ ਰਾਕੇਸ਼ ਕੁਮਾਰ ਅਤੇ

ਰਮਨਦੀਪ ਕੌਰ (97.60%) ਨੇ 13ਵਾਂ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਸ਼ਹਿਣਾ ਦੀ ਜਸਮੀਤ ਕੌਰ ਪੁੱਤਰੀ ਬਲਵਿੰਦਰ ਸਿੰਘ ਅਤੇ ਪਰਦੀਪ ਕੌਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਬਰਨਾਲਾ ਦੀ ਮਹਿਕਪ੍ਰੀਤ ਕੌਰ ਪੁੱਤਰੀ ਗੁਰਤੇਜ ਸਿੰਘ ਆਈ ਪਰਮਜੀਤ ਕੌਰ (97.20%) ਲੈ ਕੇ 15ਵਾਂ ਸਥਾਨ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਭਦੌੜ ਦੀਆਂ ਨਿਸ਼ੂ ਪੁੱਤਰੀ ਮੇਜਰ ਖਾਨ ਅਤੇ ਸਿਮਰਜੀਤ ਕੌਰ ਅਤੇ ਰਿਪਨਪ੍ਰੀਤ ਕੌਰ ਪੁੱਤਰੀ ਗੁਰਜੰਟ ਸਿੰਘ ਅਤੇ ਪੁਸ਼ਪਿੰਦਰ ਕੌਰ (97 ਫੀਸਦੀ) ਅੰਕ ਨਾਲ 16ਵੇਂ ਨੰਬਰ 'ਤੇ ਰਹੀਆਂ) ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰਵਾਹੀ ਦੀ ਸੋਨੀਆ ਕੌਰ ਪੁੱਤਰੀ ਜਗਸੀਰ ਸਿੰਘ ਅਤੇ ਵੀਰਪਾਲ ਕੌਰ (96.80%) ਰੈਂਕ 16ਵਾਂ) ਦਾ ਸਨਮਾਨ ਕੀਤਾ। ਇਸ ਤੋਂ ਇਲਾਵਾ 10ਵੀਂ ਦੀ ਮੈਰਿਟ ਸੂਚੀ ਵਿਚ ਆਉਣ ਵਾਲੀ ਸਕੂਲ ਆਫ ਐਮੀਨੈਂਸ ਬਰਨਾਲਾ ਦੀ ਵਿਦਿਆਰਥਣ ਅੰਜਲੀ ਪੁੱਤਰੀ ਰਾਜਪਾਲ ਸਿੰਘ (97.38% ਅੰਕ, 12ਵਾਂ ਰੈਂਕ) ਅਤੇ ਸਰਵਹਿੱਤਕਾਰੀ ਬਰਨਾਲਾ ਦੀ ਨੀਤਿਕਾ ਪੁੱਤਰੀ ਪ੍ਰਮੋਦ ਕੁਮਾਰ (96.61 ਫੀਸਦੀ, ਰੈਂਕ 15ਵਾਂ) ਦਾ ਸਨਮਾਨ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਨੀਤਇੰਦਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਬਰਜਿੰਦਰਪਾਲ ਸਿੰਘ ਨੇ ਉਪਰੋਕਤ ਸਕੂਲ ਮੁਖੀਆ ਨੂੰ ਵਧਾਈ ਦਿੱਤੀ ਅਤੇ ਓਹਨਾਂ ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਮੁਬਾਰਕਬਾਦ ਦਿੱਤੀ।

ਸਰਵੋਤਮ ਅਕੈਡਮੀ ਖੁੱਡੀ ਕਲਾਂ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਬਰਨਾਲਾ, 14 ਮਈ (ਸੁਖਵਿੰਦਰ ਸਿੰਘ ਭੰਡਾਰੀ) : ਸਰਵੋਤਮ ਅਕੈਡਮੀ ਖੁੱਡੀ ਕਲਾਂ ਦੇ ਵਿਦਿਆਰਥੀਆਂ ਦਾ ਸੀ ਬੀ ਐਸ ਈ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਆਇਆ ਹੈ, ਬਾਰ੍ਹਵੀਂ ਦੇ ਸਾਇੰਸ ਮੈਡੀਕਲ ਦੇ ਵਿਦਿਆਰਥੀਆਂ ਮਿਤਾਂਸ਼ੀ ਦੁਆਰਾ 96.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਆਕਾਸ਼ ਅਗਰਵਾਲ ਨੇ 96 % ਅੰਕ ਲੈ ਕੇ ਦੂਜਾ ਸਥਾਨ ਅਤੇ ਅਭਿਆ ਭਾਰਤੀ ਨੇ 95.8% ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ । ਨਾਨ ਮੈਡੀਕਲ ਵਿੱਚੋਂ ਲਵੰਨਿਆ ਨੇ 96.8%, ਅੰਕ ਲੈ ਕੇ ਪਹਿਲਾ ਸਥਾਨ ਲਕਸ਼ਿਤ ਗੋਇਲ ਨੇ 96.4% ਨੇ ਦੂਜਾ ਸਥਾਨ ਅਤੇ ਚੈਤੰਨਿਆ ਮਿੱਤਲ ਨੇ 94.8% ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਕਮਰਸ ਦੀ ਵਿਦਿਆਰਥੀਆਂ ਵਿੱਚੋਂ ਪਹਿਲਾ ਸਥਾਨ ਅਰਸ਼ਦੀਪ ਕੌਰ ਨੇ 93.8% ਅੰਕ ਲੈ ਕੇ, ਦੂਜਾ ਸਥਾਨ ਰਾਗਵ ਗਰਗ ਨੇ 94% ਲੈ ਕੇ ਅਤੇ ਤੀਜਾ ਸਥਾਨ ਪ੍ਰਭਜੋਤ ਕੌਰ ਨੇ 85.4% ਅਤੇ ਦਵਿੰਦਰ ਸ਼ਰਮਾ ਪ੍ਰਾਪਤ ਕੀਤਾ। ਆਰਟਸ ਦੇ ਵਿਦਿਆਰਥੀਆਂ ਵਿੱਚੋਂ ਜਸਦੀਪ ਕੌਰ ਨੇ 81.8% ਅੰਕ ਲੈ ਕੇ ਪਹਿਲਾ ਸਥਾਨ ਲਾਜਵੀਰ ਕੌਰ ਨੇ 79 ਅੰਕ ਲੈ ਕੇ ਦੂਜਾ ਸਥਾਨ ਅਤੇ ਰਮਨਦੀਪ ਕੌਰ ਨੇ 77 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ । ਸਰਵੋਤਮ ਅਕੈਡਮੀ ਦੇ ਪ੍ਰਿੰਸੀਪਲ ਡਾਕਟਰ ਰੁਪਿੰਦਰ ਕੌਰ ਬਾਜਵਾ ਦੁਆਰਾ ਇਹਨਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਬਹੁਤ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ 'ਤੇ ਫਾਊਂਡਰ ਕੁਲਵੰਤ ਸਿੰਘ ਬਾਜਵਾ, ਚੇਅਰਮੈਨ ਸੁਖਵਿੰਦਰ ਸਿੰਘ ,ਐਮ ਡੀ ਚਮਕੌਰ ਸਿੰਘ ਬਾਜਵਾ, ਅਧਿਆਪਕ ਸਾਹਿਬਾਨ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਮੀਰੀ ਪੀਰੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਲਈ 5.85 ਲੱਖ ਦੀ ਸਕਾਲਰਸ਼ਿਪ ਰਾਸ਼ੀ ਜਾਰੀ

ਭਦੌੜ, 14 ਮਈ (ਸੁਖਵਿੰਦਰ ਪਲਾਹਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਮਾਲਵਾ ਖੇਤਰ ਦੀ ਸਿਰਮੌਰ ਸੰਸਥਾ ਮੀਰੀ ਪੀਰੀ ਖਾਲਸਾ ਕਾਲਜ ਭਦੌੜ ਦੇ ਵਿਦਿਆਰਥੀਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਹਾਇਤਾ ਰਾਸ਼ੀ ਜਾਰੀ ਕੀਤੀ ਗਈ। ਜਾਣਕਾਰੀ ਅਨੁਸਾਰ ਕਾਲਜ ਪ੍ਰਿੰਸੀਪਲ ਮਲਵਿੰਦਰ ਸਿੰਘ ਅਤੇ ਧਰਮ ਅਧਿਐਨ ਵਿਭਾਗ ਦੇ ਮੁਖੀ ਪ੍ਰੋ. ਸੁਖਪਾਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਧਾਰੀ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਲਈ ਰਾਸ਼ੀ ਜਾਰੀ ਕੀਤੀ ਜਾਂਦੀ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਦੇ ਲਈ 5 ਲੱਖ 85 ਹਜ਼ਾਰ ਰੁਪਏ ਦੀ ਸਕਾਲਰਸ਼ਿਪ ਵਜੋਂ ਸਹਾਇਤਾ ਰਾਸ਼ੀ ਜਾਰੀ ਕੀਤੀ ਗਈ। ਪ੍ਰਿੰਸੀਪਲ ਮਲਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਸਿੱਖ ਵਿਦਿਆਰਥੀਆਂ ਨੂੰ ਸਿਵਲ ਸਰਵਿਸਿਜ਼ ਲਈ ਤਿਆਰੀ ਕਰਵਾਉਣ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਸਮੁੱਚੀ ਕੌਮ ਅਤੇ ਮਨੁੱਖਤਾ ਲਈ ਲਾਹੇਵੰਦ ਸਿੱਧ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਗਿਆਰ੍ਹਵੀਂ ਆਰਟਸ ਅਤੇ ਕਮਰਸ, ਬਾਰ੍ਹਵੀਂ ਆਰਟਸ ਅਤੇ ਕਮਰਸ, ਅਤੇ ਨਾਲ਼ ਹੀ ਕਾਲਜ ਵਿਖੇ ਸਫਲਤਾਪੂਰਵਕ ਚੱਲ ਰਹੇ ਕੋਰਸਾਂ ਜਿਵੇਂ ਬੀ. ਏ., ਬੀ. ਸੀ. ਏ., ਬੀ. ਕਾਮ., ਐੱਮ. ਏ. ਪੰਜਾਬੀ, ਪੀ. ਜੀ. ਡੀ. ਸੀ. ਏ., ਅਤੇ ਐੱਮ. ਐੱਸ. ਸੀ. ਆਈ. ਟੀ. ਲਈ ਦਾਖਲੇ ਸ਼ੁਰੂ ਹਨ। ਵਿਦਿਆਰਥੀ ਸਮਾਂ ਰਹਿੰਦੇ ਕਾਲਜ ਵਿਖੇ ਆ ਕੇ ਦਾਖਲਾ ਕਰਵਾ ਸਕਦੇ ਹਨ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਸਕੂਲ ਵਿੱਚ 'ਵਰਣਮਾਲਾ ਖਜ਼ਾਨਾ ਖੋਜ' ਰਾਹੀਂ ਨੰਨ੍ਹੇ ਬੱਚਿਆਂ ਨੇ ਖੇਡ-ਖੇਡ ਵਿੱਚ ਸਿੱਖੇ ਅੱਖਰ



ਬਰਨਾਲਾ, 14 ਮਈ (ਹਮੀਰ ਸਿੰਘ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿੱਚ ਨਰਸਰੀ ਕਲਾਸ ਦੇ ਵਿਦਿਆਰਥੀਆਂ ਲਈ 'ਵਰਣਮਾਲਾ ਖਜ਼ਾਨਾ ਖੋਜ' ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਬੱਚਿਆਂ ਨੇ ਖੇਡ-ਖੇਡ ਵਿੱਚ ਅੰਗਰੇਜ਼ੀ ਅੱਖਰਾਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਦੇ ਨਾਮਾਂ ਦਾ ਜਾਪ ਕੀਤਾ। ਰੰਗ-ਬਰੰਗੇ ਅੱਖਰਾਂ ਅਤੇ ਰੁਚਿਕਰ ਤਰੀਕਿਆਂ ਨਾਲ ਸਜਾਏ ਕੈਂਪਸ ਨੇ ਬੱਚਿਆਂ ਵਿੱਚ ਉਤਸ਼ਾਹ ਅਤੇ ਜਿਗਿਆਸਾ ਪੈਦਾ ਕੀਤੀ। ਅਧਿਆਪਕਾਂ ਦੀ ਰਹਿਨੁਮਾਈ ਹੇਠ ਬੱਚਿਆਂ ਨੇ ਵੱਖ-ਵੱਖ ਥਾਵਾਂ 'ਤੇ ਲਗਾਏ ਅੱਖਰ ਲੱਭੇ ਅਤੇ ਉਨ੍ਹਾਂ ਨੂੰ ਪਛਾਣ ਕੇ ਖੁਸ਼ੀ ਪ੍ਰਗਟਾਈ। ਇਸ ਗਤੀਵਿਧੀ ਨੇ ਬੱਚਿਆਂ ਦੇ ਨਿਰੀਖਣ ਹੁਨਰ, ਯਾਦਦਾਸ਼ਤ, ਭਾਸ਼ਾਈ ਵਿਕਾਸ ਅਤੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕੀਤਾ।ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਨੇ ਕਿਹਾ ਕਿ ਖੇਡ ਅਤੇ ਰਚਨਾਤਮਕ ਗਤੀਵਿਧੀਆਂ ਰਾਹੀਂ ਦਿੱਤੀ ਸਿੱਖਿਆ ਬੱਚਿਆਂ ਦੇ ਸੰਪੂਰਨ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਮਾਗਮ ਦੌਰਾਨ ਬੱਚਿਆਂ ਦੀ ਖੁਸ਼ੀ ਅਤੇ ਸਰਗਰਮ ਭਾਗੀਦਾਰੀ ਦੇਖਣਯੋਗ ਰਹੀ।

ਰਾਜ ਪੱਧਰੀ ਕਰਾਟੇ ਚੈਂਪੀਅਨਸ਼ਿਪ ਵਿੱਚ ਸਮਰਵੀਰ ਦਾ ਸ਼ਾਨਦਾਰ ਪ੍ਰਦਰਸ਼ਨ, ਜਿੱਤਿਆ ਪਹਿਲਾ ਸਥਾਨ

ਬਰਨਾਲਾ, 14 ਮਈ (ਹਮੀਰ ਸਿੰਘ) : 11ਵੀਂ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਿਪ 2026 ਵਿੱਚ ਵਾਈਐਸ ਸਕੂਲ, ਬਰਨਾਲਾ ਦੇ ਹੋਣਹਾਰ ਵਿਦਿਆਰਥੀ ਸਮਰਵੀਰ ਨੇ ਬੇਹਤਰੀਨ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ। ਸਮਰਵੀਰ ਨੇ ਮੁਕਾਬਲੇ ਦੌਰਾਨ ਆਪਣੇ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਸ਼ਾਨਦਾਰ ਤਕਨੀਕ ਦਾ ਪ੍ਰਦਰਸ਼ਨ ਕੀਤਾ। ਕਠਿਨ ਮੁਕਾਬਲਿਆਂ ਦੇ ਬਾਵਜੂਦ ਉਸ ਨੇ ਧੀਰਜ ਅਤੇ ਦ੍ਰਿੜ ਨਿਸ਼ਚੇ ਨਾਲ ਜਿੱਤ ਪ੍ਰਾਪਤ ਕੀਤੀ। ਉਸ ਦੀ ਇਸ ਕਾਮਯਾਬੀ ਦੇ ਪਿੱਛੇ ਉਸਦੇ ਕੋਚ ਦੀ ਰਹਿਨੁਮਾਈ ਅਤੇ ਨਿਯਮਿਤ ਅਭਿਆਸ ਦਾ ਵੱਡਾ ਯੋਗਦਾਨ ਰਿਹਾ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਸਮਰਵੀਰ ਨੂੰ ਇਸ ਉਪਲੱਬਧੀ ਲਈ ਵਧਾਈ ਦਿੱਤੀ ਅਤੇ ਉਸਦੇ ਉੱਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਹ ਸਫਲਤਾ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੀ ਹੈ ਕਿ ਮਿਹਨਤ ਅਤੇ ਲਗਨ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

ਸਫ਼ਾਈ ਸੇਵਕਾਂ ਵੱਲੋਂ ਮੰਗਾਂ ਦੀ ਪ੍ਰਾਪਤੀ ਲਈ ਕੀਤੀ ਅਣਮਿੱਥੇ ਸਮੇਂ ਲਈ ਹੜਤਾਲ 9ਵੇਂ ਦਿਨ 'ਚ ਦਾਖ਼ਲ

ਬਰਨਾਲਾ, 14 ਮਈ (ਸੁਖਵਿੰਦਰ ਸਿੰਘ ਭੰਡਾਰੀ) : ਨਗਰ ਨਿਗਮ ਬਰਨਾਲਾ ਦੇ ਦਫ਼ਤਰ ਵਿਖੇ ਧਰਨੇ 'ਤੇ ਬੈਠੇ ਸਫ਼ਾਈ ਕਰਮਚਾਰੀਆਂ ਦੀ ਸੂਬਾ ਪੱਧਰੀ ਅਣਮਿੱਥੇ ਸਮੇਂ ਦੀ ਹੜਤ

ਪਟਿਆਲਾ-ਆਸ/ਪਾਸ

ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਸ਼ਹਿਰ 'ਚ ਵਿਕਾਸ ਕਾਰਜਾਂ ਦੀ ਹਨ੍ਹੇਰੀ : ਪਾਲੀ

ਵਾਰਡ ਨੰ. 41 ਗੁਰਦੇਵ ਨਗਰ 'ਚ ਸਟਰੀਟ ਲਾਈਟਾਂ ਦਾ ਟੈਂਡਰ ਪਾਸ

ਪਟਿਆਲਾ, 14 ਮਈ (ਗੁਰਮੁੱਖ ਰੁਪਾਣਾ) : ਵਾਰਡ ਨੰਬਰ 41 ਗੁਰਦੇਵ ਨਗਰ 'ਚ 4 ਲੱਖ 60 ਹਜਾਰ ਸਟ੍ਰੀਟ ਲਾਈਟਾਂ ਦਾ ਟੈਂਡਰ ਪਾਸ ਹੋਇਆ ਹੈ। ਇਹ ਕਾਰਜ ਸਫਾਬਾਦੀ ਗੇਟ ਤੋਂ ਗੁਰਦੇਵ ਨਗਰ, ਸ਼ੀਤਲਾ ਮਾਤਾ ਮੰਦਿਰ, ਸਨੌਰੀ ਅੱਡਾ ਤੱਕ ਕਰਵਾਏ ਜਾਣਗੇ। ਇਨ੍ਹਾਂ ਵਿਕਾਸ ਕਾਰਜਾਂ ਦਾ ਕੰਮ ਸ਼ੁਰੂ ਹੋ ਚੁੱਕਾ ਹੈ । ਇਸ ਮੌਕੇ 'ਆਪ' ਆਗੂ ਅਮ੍ਰਿਤਪਾਲ ਸਿੰਘ ਪਾਲੀ ਨੇ ਕਿਹਾ ਕਿ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ 'ਚ ਇਹ ਸਾਰੇ ਪ੍ਰੋਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੋਕ-ਹਿਤੈਸ਼ੀ ਅਤੇ ਵਿਕਾਸ ਕੇਂਦਰਿਤ ਸੋਚ ਦੇ ਤਹਿਤ ਅਮਲ ਵਿੱਚ ਲਿਆਂਦੇ ਗਏ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਆਉਣ ਵਾਲੇ ਸਮੇਂ ਵਿੱਚ

ਹੋਰ ਨਵੇਂ ਪ੍ਰੋਜੈਕਟਾਂ ਦੀ ਘੋਸ਼ਣਾ ਕੀਤੀ ਜਾਵੇਗੀ ਤਾਂ ਜੋ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਸਕੇ। ਨਗਰ ਨਿਗਮ ਵੱਲੋਂ ਸਾਰੇ ਵਿਕਾਸ ਕਾਰਜ ਮਿਆਰੀ ਤਰੀਕੇ ਨਾਲ ਅਤੇ ਸਮੇਂ ਸਿਰ ਮੁਕੰਮਲ ਕਰਵਾਏ ਜਾ ਰਹੇ ਹਨ। ਸ਼ਹਿਰ ਵਾਸੀਆਂ ਨੇ ਵੀ ਇਨ੍ਹਾਂ ਉਪਰਾਲਿਆਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਨਾਲ ਦਿਨਚਰੀ ਜੀਵਨ ਵਿੱਚ ਸੁਵਿਧਾਵਾਂ ਵਿੱਚ ਵਾਧਾ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਸੁਧਾਰ ਦੀ ਉਮੀਦ ਹੈ।

ਨਗਰ ਕੌਂਸਲ ਚੋਣਾਂ ਨੂੰ ਪੂਰੀ ਤਰ੍ਹਾਂ ਨਿਰਪੱਖ, ਸ਼ਾਂਤੀਪੂਰਨ ਅਤੇ ਸੁਚਾਰੂ ਢੰਗ ਨਾਲ ਕਰਵਾਇਆ ਜਾਵੇਗਾ : ਡੀ.ਐਸ.ਪੀ. ਬਰਾੜ

ਸਮਾਣਾ, 14 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ ਕੁਲਾਰਾਂ) :ਪੰਜਾਬ ਵਿੱਚ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਣਾ ਪੁਲਿਸ ਵੱਲੋਂ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਬਣਾਈ ਰੱਖਣ ਲਈ ਵਿਆਪਕ ਤਿਆਰੀਆਂ ਕੀਤੀਆਂ ਗਈਆਂ ਹਨ। ਇਸ ਮੌਕੇ ਗੱਲ ਕਰਦਿਆਂ ਡੀ.ਐਸ. ਪੀ. ਸਮਾਣਾ ਫ਼ਤਿਹ ਸਿੰਘ ਬਰਾੜ ਨੇ ਸਪੱਸ਼ਟ ਕੀਤਾ ਹੈ ਕਿ ਚੋਣਾਂ ਨੂੰ ਪੂਰੀ ਤਰ੍ਹਾਂ ਨਿਰਪੱਖ, ਸ਼ਾਂਤੀਪੂਰਨ ਅਤੇ ਸੁਚਾਰੂ ਢੰਗ ਨਾਲ ਕਰਵਾਇਆ ਜਾਵੇਗਾ। ਓਹਨਾ ਦੱਸਿਆ ਕਿ ਸੰਵੇਦਨਸ਼ੀਲ ਇਲਾਕਿਆਂ ਦੀ ਪਛਾਣ ਕਰਕੇ ਉੱਥੇ ਵਾਧੂ ਪੁਲਿਸ ਬਲ ਤਾਇਨਾਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਨਾਕਾਬੰਦੀ, ਫਲੈਗ ਮਾਰਚ ਅਤੇ ਰਾਤਰੀ ਗਸ਼ਤ ਵਿੱਚ ਵੀ ਵਾਧਾ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਤਰ੍ਹਾਂ

ਦੀ ਅਣਚਾਹੀ ਘਟਨਾ ਤੋਂ ਬਚਿਆ ਜਾ ਸਕੇ। ਡੀ ਐਸਪੀ ਬਰਾੜ ਵੱਲੋਂ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾ ਕਿਸੇ ਡਰ ਜਾਂ ਦਬਾਅ ਦੇ ਆਪਣੇ ਵੋਟ ਦਾ ਅਧਿਕਾਰ ਵਰਤਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ। ਇਸ ਦੇ ਨਾਲ ਹੀ ਉਮੀਦਵਾਰਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਵੀ ਆਦਰਸ਼ ਚੋਣ ਆਚਾਰ ਸੰਹਿਤਾ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ। ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੁਲਿਸ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਪੋਲਿੰਗ ਸਟੇਸ਼ਨ 'ਤੇ ਪੂਰੀ ਸੁਰੱਖਿਆ ਹੋਵੇ । ਇਸ ਤਰ੍ਹਾਂ, ਪੰਜਾਬ ਪੁਲਿਸ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਨਗਰ ਕੌਂਸਲ ਚੋਣਾਂ ਦੌਰਾਨ ਅਮਨ-ਕਾਨੂੰਨ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਪਿੰਡ ਟਿੱਬਾ 'ਚ ਮੋਟਰਾਂ ਦੀਆਂ ਤਾਰਾਂ ਚੋਰੀ ਕਰਨ ਦੀ ਦੂਜੀ ਵਾਰਦਾਤ, ਪੁਲਿਸ ਤੋਂ ਕਾਰਵਾਈ ਦੀ ਮੰਗ

ਸ਼ੇਰਪੁਰ, 14 ਮਈ (ਬਲਜੀਤ ਸਿੰਘ ਟਿੱਬਾ) : ਇਲਾਕੇ ਵਿੱਚ ਚੋਰਾਂ ਦੇ ਹੌਸਲੇ ਦਿਨੋਂ-ਦਿਨ ਬੁਲੰਦ ਹੁੰਦੇ ਜਾ ਰਹੇ ਹਨ। ਪਿੰਡ ਟਿੱਬਾ ਦੇ ਕਿਸਾਨਾਂ ਦੇ ਖੇਤਾਂ ਵਿੱਚ ਲੱਗੀਆਂ ਮੋਟਰਾਂ ਦੀਆਂ ਕੇਵਲ ਤਾਰਾਂ ਚੋਰੀ ਹੋਣ ਦੀ ਘਟਨਾ ਸਾਹਮਣੇ ਆਈ ਹੈ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਅਤੇ ਦਹਿਸ਼ਤ ਪਾਈ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਗੁਰਸੇਵਕ ਸਿੰਘ, ਸਰਬਜੀਤ ਸਿੰਘ, ਸੁਰਿੰਦਰ ਸਿੰਘ ਭੁੱਲਾ ਅਤੇ ਜਗਦੇਵ ਸਿੰਘ ਮਿੱਠੂ ਆਦਿ ਦੇ ਖੇਤਾਂ ਵਿੱਚ ਲੱਗੀਆਂ ਮੋਟਰਾਂ ਤੋਂ ਅਣਪਛਾਤੇ ਚੋਰ ਰਾਤ ਦੇ ਸਮੇਂ ਕੇਵਲ ਤਾਰਾਂ ਚੋਰੀ ਕਰਕੇ ਫਰਾਰ ਹੋ ਗਏ। ਸਵੇਰੇ ਜਦੋਂ ਕਿਸਾਨ ਖੇਤਾਂ ਵਿੱਚ ਪਹੁੰਚੇ ਤਾਂ ਮੋਟਰਾਂ ਦੀਆਂ ਤਾਰਾਂ ਗਾਇਬ ਦੇਖ ਕੇ ਉਹ ਹੈਰਾਨ ਰਹਿ ਗਏ। ਕਿਸਾਨਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵੀ ਇਲਾਕੇ ਵਿੱਚ ਇਸ ਤਰ੍ਹਾਂ ਦੀ ਚੋਰੀ ਦੀ ਘਟਨਾ ਵਾਪਰ ਚੁੱਕੀ ਹੈ, ਪਰ ਹੁਣ ਦੁਬਾਰਾ ਚੋਰੀ ਹੋਣ ਨਾਲ ਕਿਸਾਨਾਂ ਵਿੱਚ ਡਰ ਦਾ ਮਾਹੌਲ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਪਹਿਲਾਂ ਹੀ ਘਾਟੇ ਦਾ ਸੌਦਾ ਬਣੀ ਹੋਈ ਹੈ ਅਤੇ ਉੱਪਰੋਂ ਚੋਰੀਆਂ ਕਾਰਨ ਉਨ੍ਹਾਂ ਨੂੰ ਆਰਥਿਕ ਨੁਕਸਾਨ

ਝੱਲਣਾ ਪੈ ਰਿਹਾ ਹੈ, ਕਿਉਂਕਿ ਨਵੀਆਂ ਤਾਰਾਂ ਪਾਉਣ ਲਈ ਮੋਟੀ ਰਕਮ ਲਗਦੀ ਹੈ।ਪ੍ਰਭਾਵਿਤ ਕਿਸਾਨਾਂ ਅਤੇ ਪਿੰਡ ਵਾਸੀਆਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਲਾਕੇ ਵਿੱਚ ਰਾਤ ਸਮੇਂ ਗਸ਼ਤ ਵਧਾਈ ਜਾਵੇ ਅਤੇ ਚੋਰੀਆਂ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਨੂੰ ਜਲਦ ਕਾਬੂ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਕਿਸਾਨਾਂ ਨੂੰ ਰਾਹਤ ਮਿਲ ਸਕੇ। ਲਗਾਤਾਰ ਹੋ ਰਹੀਆਂ ਇਲਾਕੇ ਵਿੱਚ ਚੋਰੀ ਦੀਆਂ ਘਟਨਾਵਾਂ ਨੇ ਕਿਸਾਨਾਂ ਅਤੇ ਲੋਕਾਂ ਦੀ ਨੀਂਦ ਉਡਾ ਕੇ ਰੱਖ ਦਿੱਤੀ ਹੈ। ਜਿਸ ਨੂੰ ਲੈ ਕੇ ਸਥਾਨਕ ਪੁਲਿਸ ਪ੍ਰਸ਼ਾਸਨ ਚੋਰੀ ਦੀਆਂ ਅਨੇਕਾਂ ਹੋਈਆਂ ਵਾਰਦੋਤਾਂ ਦਾ ਖੁਰਾ ਖੋਜ ਲੱਭਣ ਵਿੱਚ ਅਸਫਲ ਰਿਹਾ ਹੈ ਜਿਸ ਕਰਕੇ ਲੋਕਾਂ ਵਿੱਚ ਪ੍ਰਸ਼ਾਸਨ ਪ੍ਰਤੀ ਨਿਰਾਸ਼ਾ ਅਤੇ ਗੁੱਸਾ ਵੀ ਵੇਖਣ ਨੂੰ ਮਿਲ ਰਿਹਾ ਹੈ।

ਕਿਸਾਨ ਯੂਨੀਅਨ ਪੁਆਦ ਦੀ ਅਹਿਮ ਮੁੱਦਿਆਂ 'ਤੇ ਮੀਟਿੰਗ

ਘਨੌਰ, 14 ਮਈ (ਮਦਨ ਲਾਲ) : ਕਿਸਾਨ ਯੂਨੀਅਨ ਪੁਆਦ ਦੀ ਮੀਟਿੰਗ ਸਰਦਾਰ ਚਰਨਜੀਤ ਸਿੰਘ ਝੁੰਗੀਆਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੈਡੀ ਸੀਜ਼ਨ ਦੇ 72 ਵੱਧਦੇ ਦੀ ਕਿਸਾਨ ਯੂਨੀਅਨ ਪੁਆਦ ਵੱਲੋਂ ਨਿਖੇਦੀ ਕੀਤੀ ਗਈ ਤੇ ਇਸ ਵਾਧੇ ਨੂੰ ਕਿਸਾਨੀ ਲਈ ਨਾ ਕਾਫੀ ਦੱਸਿਆ ਕਿਉਂਕਿ ਜਿਸ ਤਰ੍ਹਾਂ ਪਿਛਲੇ ਸਮੇਂ ਤੋਂ ਸਰਕਾਰ ਨੇ ਬਾਜ਼ਾਰ ਦੀ ਹਰ ਇੱਕ ਚੀਜ਼ ਦਾ ਰੇਟ ਦੁਗਣਾ ਕਰ ਦਿੱਤਾ ਹੈ ਜਿਵੇਂ ਕਿ ਸਿਲੰਡਰ ਚ 60 ਰੁਪਏ ਦਾ ਵਾਧਾ ਪਿਛਲੇ ਸਮੇਂ ਚ ਹਰ ਇੱਕ ਚੀਜ਼ ਨੂੰ ਦੁਗਣਾ ਵਧਾ ਦਿੱਤਾ ਹੈ। ਸਰਕਾਰ ਦੂਜੇ ਦੇਸ਼ਾਂ ਦੀ ਲੜਾਈਆਂ ਦਾ ਬਹਾਨਾ ਲਗਾ ਕੇ ਬਾਜ਼ਾਰ ਦੀ ਹਰ ਇੱਕ ਚੀਜ਼ ਨੂੰ ਮਹਿੰਗਾ ਕਰ ਰਹੀ ਹੈ ਸਰਕਾਰ ਨੇ ਕਿਸਾਨੀ ਨੂੰ ਖਤਮ ਕਰਨ ਲਈ ਇਹ 3 ਪਰਸੇਟ ਦਾ ਵਾਧਾ ਕੀਤਾ ਜਿਸ ਨੂੰ ਕਿਸਾਨ ਯੂਨੀਅਨ ਪੁਆਧ ਨਾਕਾਫੀ ਮੰਡੀ ਹੈ ਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਬਾਜ਼ਾਰ ਦੀ ਮਹਿਗਾਈ ਨੂੰ ਮੱਦੇ ਨਜ਼ਰ ਰੱਖਦੇ ਹੋਇਆ ਵਾਧੇ ਨੂੰ ਹੋਰ ਵਧਾਇਆ ਜਾਵੇ ਜਾ ਜਿਰੀ ਤੇ ਘਟ ਤੋਂ ਘਟ 300 ਰੁਪਏ ਬੋਨਸ ਦਿੱਤਾ ਜਾਵੇ। ਇਸ ਮੌਕੇ ਗੁਰਦੀਪ ਸ਼ਿਘ ਮੀਤ ਪਰਧਾਨ। ਜਗਤਾਰ ਸਿਘ ਅਲਾਮਦੀਪੁਰ ਹਰਵਿਦਰ ਸਿਘ ਉਕਸ਼ੀ ਗਰਮੀਤ ਸਿਘ ਗਰਜੀਤ ਸਿਘ ਸਰਾਲਾ ਸਮੇਤ ਹੋਰ ਵੀ ਕਿਸਾਨ ਆਗੂ ਅਤੇ ਕਿਸਾਨ ਹਾਜਰ ਸਨ।

15 ਕਿੱਲੋ ਚੂਰਾ-ਪੋਸਤ ਸਮੇਤ ਇੱਕ ਕਾਬੂ

ਸਮਾਣਾ, 14 ਮਈ (ਵਿਜੇ ਕੁਮਾਰ) : ਗਾਹਕਾਂ ਦੀ ਉਡੀਕ ਕਰ ਰਹੇ ਇੱਕ ਵਿਅਕਤੀ ਨੂੰ ਸਦਰ ਪੁਲਿਸ ਨੇ 15 ਕਿੱਲੋ ਚੂਰਾ-ਪੋਸਤ ਸਮੇਤ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਰਣਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ, ਵਾਸੀ ਪਿੰਡ ਮਰੋੜੀ ਵਜੋਂ ਹੋਈ ਹੈ। ਸਦਰ ਪੁਲਿਸ ਇੰਚਾਰਜ ਇੰਸਪੈਕਟਰ ਅਜੈ ਕੁਮਾਰ ਪਰੋਚਾ ਨੇ ਦੱਸਿਆ ਕਿ ਮਵੀਕਲਾਂ ਪੁਲਿਸ ਚੌਕੀ ਇੰਚਾਰਜ ਬਲਕਾਰ ਸਿੰਘ ਦੀ ਅਗਵਾਈ ਹੇਠ ਸਬ-ਇੰਸਪੈਕਟਰ ਜਸਵਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਧਨੇਠਾ ਵਿਖੇ ਮੌਜੂਦ ਸਨ। ਉਸ ਸਮੇਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਕਤ ਮੁਲਜ਼ਮ ਚੂਰਾ-ਪੋਸਤ ਵੇਚਣ ਲਈ ਪਿੰਡ ਮਰਦਾਹੇੜੀ ਤੋਂ ਮਰੋੜੀ ਨੂੰ ਜਾਂਦੀ ਲਿੰਕ ਸੜਕ 'ਤੇ ਬੈਠਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ।ਪੁਲਿਸ ਪਾਰਟੀ ਵੱਲੋਂ ਮਾਰੇ ਗਏ ਛਾਪੇ ਦੌਰਾਨ 15 ਕਿੱਲੋ ਚੂਰਾ-ਪੋਸਤ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ।

ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦਾ ਨਤੀਜਾ ਰਿਹਾ ਸ਼ਾਨਦਾਰ

ਦੇਵੀਗੜ੍ਹ, 14 ਮਈ (ਗੁਰਜੀਤ ਸਿੰਘ ਢੋਟ) : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੇ ਵਿਦਿਆਰਥੀਆਂ ਦਾ ਬਾਰਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਸ. ਭੁਪਿੰਦਰ ਸਿੰਘ ਨੇ ਪੱਤਰਕਾਰਾਂ ਦੇ ਰੂਬਰੂ ਹੁੰਦੇ ਹੋਏ ਕੀਤਾ। ਉਹਨਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੀ. ਬੀ. ਐਸ.ਈ . ਬੋਰਡ ਵੱਲੋਂ ਬਾਰਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ । ਸਾਲ 2025-26 ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ,ਪਟਿਆਲਾ ਦੇ ਵੱਖ ਵੱਖ ਸਟਰੀਮ ਜਿਵੇਂ ਆਰਟਸ, ਕਾਮਰਸ, ਅਤੇ ਸਾਇੰਸ ਗਰੁੱਪ ਵਿੱਚ ਕੁੱਲ 162 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਗੁਜਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ । ਨੈਨਸੀ (ਆਰਟਸ ਗਰੁੱਪ) ਨੇ 96.4 ਪ੍ਰਤੀਸ਼ਤ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਅਕੰਸ਼ਿਤਾ ਗੋਸਵਾਮੀ ਨੇ 93.4 ਪ੍ਰਤੀਸ਼ਤ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਅਤੇ ਕਿਰਨਦੀਪ ਨੇ 89.2 ਪ੍ਰਤੀਸ਼ਤ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਸਾਇੰਸ ਸਟਰੀਮ ਵਿੱਚੋਂ ਸੁਖਪ੍ਰੀਤ ਕੌਰ ਨੇ 91.6% ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਖੁਸ਼ਮੀਨ ਕੌਰ ਨੇ 88.2% ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਅਤੇ ਰਮਣੀਕ ਕੌਰ ਬਾਜਵਾ ਨੇ 88% ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ। ਕਾਮਰਸ ਗਰੁੱਪ ਵਿੱਚ ਖੁਸ਼ਲੀਨ ਕੌਰ ਨੇ 91% ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਸਹਿਜਪ੍ਰੀਤ ਸਿੰਘ ਨੇ 87.8% ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਹਰਵੀਨ ਕੌਰ ਨੇ 87.4% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਜ਼ਿਕਰਯੋਗ ਹੈ ਕਿ 162 ਵਿਦਿਆਰਥੀਆਂ ਵਿੱਚੋਂ 40 ਵਿਦਿਆਰਥੀਆਂ ਨੇ ਮੈਰਿਟ ਹਾਸਿਲ ਕੀਤੀ।

ਸਮਾਜ ਸੇਵਾ

ਏ.ਐਸ.ਆਈ. ਬਲਵਿੰਦਰ ਸਿੰਘ ਨੇ ਜੌੜੀਆਂ ਸੜਕਾਂ ਦੇ ਚੌਰਾਹੇ 'ਚ ਵਾਟਰ ਕੂਲਰ ਲਗਵਾਇਆ

ਸਨੌਰ, 14 ਮਈ (ਪ੍ਰਥਮ ਕੁਮਾਰ) : ਵਧ ਰਹੀ ਗਰਮੀ ਅਤੇ ਤਾਪਮਾਨ ਨੂੰ ਧਿਆਨ ਵਿੱਚ ਰੱਖਦਿਆਂ ਟਰੈਫਿਕ ਇੰਚਾਰਜ ਦੇਵੀਗੜ੍ਹ ਬਲਵਿੰਦਰ ਸਿੰਘ ਵੱਲੋਂ ਅੱਜ ਸਨੌਰ ਦੇ ਵਿਅਸਤ ਇਲਾਕੇ ਜੌੜੀਆਂ ਸੜਕਾਂ ਵਿਖੇ ਆਪਣੇ ਨਿੱਜੀ ਖਰਚੇ ਨਾਲ ਠੰਢੇ ਪੀਣ ਵਾਲੇ ਪਾਣੀ ਲਈ ਵਾਟਰ ਕੂਲਰ ਲਗਵਾਇਆ ਗਿਆ। ਇਸ ਉਪਰਾਲੇ ਦੀ ਇਲਾਕੇ ਦੇ ਲੋਕਾਂ ਵੱਲੋਂ ਖੂਬ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਜੌੜੀਆਂ ਸੜਕਾਂ ਸਨੌਰ ਦਾ ਇੱਕ ਅਹਿਮ ਚੌਰਾਹਾ ਹੈ, ਜਿੱਥੇ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ, ਵਾਹਨ ਚਾਲਕ, ਵਿਦਿਆਰਥੀ, ਮਜ਼ਦੂਰ ਅਤੇ ਰਾਹਗੀਰ ਆਉਂਦੇ-ਜਾਂਦੇ ਹਨ। ਇਸ ਸਮੱਸਿਆ ਨੂੰ ਮਹਿਸੂਸ ਕਰਦਿਆਂ ਟਰੈਫਿਕ ਇੰਚਾਰਜ ਦੇਵੀਗੜ੍ਹ ਬਲਵਿੰਦਰ ਸਿੰਘ ਨੇ ਸਮਾਜ ਸੇਵਾ ਦੀ ਭਾਵਨਾ ਨਾਲ ਆਪਣੇ ਖਰਚੇ ਉੱਤੇ ਵਾਟਰ ਕੂਲਰ ਲਗਵਾ ਕੇ ਇੱਕ ਸਰਾਹਣਯੋਗ ਮਿਸਾਲ ਕਾਇਮ ਕੀਤੀ ਹੈ। ਬਲਵਿੰਦਰ ਸਿੰਘ ਨੇ ਕਿਹਾ ਕਿ ਪੁਲਿਸ ਸਿਰਫ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣ ਤੱਕ ਸੀਮਿਤ ਨਹੀਂ, ਸਗੋਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਵੀ ਸਾਡਾ ਫਰਜ਼ ਹੈ। ਇਸ ਮੌਕੇ ਇਲਾਕੇ ਦੇ ਦੁਕਾਨਦਾਰਾਂ ਅਤੇ ਨਾਗਰਿਕਾਂ ਨੇ ਬਲਵਿੰਦਰ ਸਿੰਘ ਦਾ ਧੰਨਵਾਦ ਕੀਤਾ। ਟਰੈਫਿਕ ਇੰਚਾਰਜ ਦੇਵੀਗੜ੍ਹ ਬਲਵਿੰਦਰ ਸਿੰਘ ਵੱਲੋਂ ਕੀਤਾ ਗਿਆ ਇਹ ਯਤਨ ਨਾ ਸਿਰਫ਼ ਗਰਮੀ ਵਿੱਚ ਲੋਕਾਂ ਨੂੰ ਰਾਹਤ ਦੇਵੇਗਾ, ਸਗੋਂ ਪੁਲਿਸ ਅਤੇ ਜਨਤਾ ਦਰਮਿਆਨ ਭਰੋਸੇ ਅਤੇ ਸਾਂਝ ਨੂੰ ਵੀ ਹੋਰ ਮਜ਼ਬੂਤ ਕਰੇਗਾ। ਇਸ ਮੌਕੇ ਏ.ਐਸ.ਆਈ. ਗੁਰਵਿੰਦਰ ਸਿੰਘ , ਏ.ਐਸ.ਆਈ. ਇਕਬਾਲ ਸਿੰਘ, ਐਚ.ਸੀ. ਬਿਕਰਮਜੀਤ ਸਿੰਘ,ਬਾਬੂ ਸੁੰਦਰ ਲਾਲ ਆਦਿ ਹਾਜ਼ਰ ਸਨ।

ਆਬਾਨ ਪਬਲਿਕ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ

ਮਲੇਰਕੋਟਲਾ, 14 ਮਈ (ਅਸ਼ਰਫ ਅਨ

ਪਟਿਆਲਾ-ਆਸ/ਪਾਸ

ਗੁਰਦੇਵ ਸਿੰਘ ਟਿਵਾਣਾ ਬਣੇ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਚੇਅਰਮੈਨ, ਬਿੰਦਰ ਕੌਰ ਦੀ ਉਪ ਚੇਅਰਪਰਸਨ ਵਜੋਂ ਚੋਣ

➢ਡਾ. ਬਲਬੀਰ ਸਿੰਘ ਤੇ ਚੇਤਨ ਸਿੰਘ ਜੌੜਾਮਾਜਰਾ ਦੀ ਮੌਜੂਦਗੀ 'ਚ ਸੰਭਾਲੇ ਅਹੁਦੇ

ਪਟਿਆਲਾ, 14 ਮਈ (ਰੁਪਾਣਾ/ਅਮਰਜੀਤ) : ਨੌਜਵਾਨ ਆਗੂ ਗੁਰਦੇਵ ਸਿੰਘ ਟਿਵਾਣਾ ਨੂੰ ਅੱਜ ਜ਼ਿਲ੍ਹਾ ਪਰਿਸ਼ਦ ਪਟਿਆਲਾ ਦਾ ਚੇਅਰਮੈਨ ਚੁਣਿਆ ਗਿਆ ਹੈ। ਉਨ੍ਹਾਂ ਦੇ ਨਾਲ ਬਿੰਦਰ ਕੌਰ ਦੀ ਉਪ ਚੇਅਰਪਰਸਨ ਵਜੋਂ ਚੋਣ ਕੀਤੀ ਗਈ ਹੈ। ਸਰਬਸੰਮਤੀ ਨਾਲ ਚੁਣੇ ਗਏ ਇਨ੍ਹਾਂ ਦੋਵਾਂ ਨੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਹਲਕਾ ਸਮਾਣਾ ਦੇ ਐਮ.ਐਲ.ਏ ਸ. ਚੇਤਨ ਸਿੰਘ ਜੌੜਾਮਾਜਰਾ ਦੀ ਮੌਜੂਦਗੀ ਵਿੱਚ ਆਪਣੇ ਅਹੁਦੇ ਸੰਭਾਲ ਲਏ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਾਰਟੀ ਦੇ ਮਿਹਨਤੀ ਅਤੇ ਇਮਾਨਦਾਰ ਸਾਥੀ ਗੁਰਦੇਵ ਸਿੰਘ ਟਿਵਾਣਾ ਨੂੰ ਚੇਅਰਮੈਨ ਅਤੇ ਬੀਬੀ ਬਿੰਦਰ ਕੌਰ ਨੂੰ ਵਾਈਸ ਚੇਅਰਪਰਸਨ ਚੁਣੇ ਜਾਣ 'ਤੇ ਮੁਬਾਰਕਾਂ ਦਿੰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਦੋਵੇਂ ਆਗੂ ਲੋਕ ਸੇਵਾ ਦੀ ਭਾਵਨਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਪਟਿਆਲਾ ਦੇ ਵਿਕਾਸ ਨੂੰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਹਮੇਸ਼ਾ ਲੋਕਾਂ ਨਾਲ ਜੁੜੇ ਆਗੂਆਂ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ। ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਜ਼ਿਲ੍ਹਾ ਪਰਿਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪਰਿਸ਼ਦ ਦੇ ਚੇਅਰਮੈਨ ਅਤੇ ਵਾਇਸ ਚੇਅਰਮੈਨ ਦੀ ਚੋਣ ਕਰਵਾਉਣ ਲਈ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਨਿਰਦੇਸ਼ਾਂ ਤਹਿਤ ਅੱਜ ਪ੍ਰੀਜਾਈਡਿੰਗ ਅਫ਼ਸਰ-ਕਮ-ਉਪ ਮੰਡਲ ਮੈਜਿਸਟ੍ਰੇਟ ਪਟਿਆਲਾ ਦੀ ਨਿਗਰਾਨੀ ਹੇਠ ਸਰਕਾਰ ਵੱਲੋਂ ਜਾਰੀ ਰਿਜ਼ਰਵੇਸ਼ਨ ਨੋਟੀਫੀਕੇਸ਼ਨ ਅਨੁਸਾਰ ਜ਼ਿਲ੍ਹਾ ਪਰਿਸ਼ਦ ਪਟਿਆਲਾ ਦੇ ਚੇਅਰਮੈਨ ਦੀ ਜਨਰਲ ਕੈਟਾਗਰੀ ਅਤੇ ਵਾਇਸ ਚੇਅਰਮੈਨ ਐਸ.ਸੀ (ਇਸਤਰੀ) ਲਈ ਰਾਖਵੀ ਸੀਟ ਲਈ ਚੁਣੇ ਮੈਂਬਰਾਂ 'ਚੋਂ ਚੋਣ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਗੁਰਦੇਵ ਸਿੰਘ ਟਿਵਾਣਾ, ਜ਼ਿਲ੍ਹਾ ਪਰਿਸ਼ਦ ਜ਼ੋਨ ਬੰਮਣਾ ਤੋਂ ਮੈਂਬਰ, ਨੂੰ ਸਰਬ ਸੰਮਤੀ ਨਾਲ ਚੇਅਰਮੈਨ ਵਜੋਂ ਚੁਣਿਆ ਗਿਆ ਅਤੇ ਵਾਇਸ ਚੇਅਰਪਰਸਨ ਵਜੋਂ ਬਿੰਦਰ ਕੌਰ, ਜ਼ੋਨ ਦਫ਼ਤਰੀਵਾਲਾ ਦੀ ਚੋਣ ਕੀਤੀ ਗਈ। ਇਸ ਮੌਕੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਹਰਪਾਲ ਸਿੰਘ ਵਿਰਕ, ਚੇਅਰਮੈਨ ਮਾਰਕੀਟ ਕਮੇਟੀ ਸਮਾਣਾ ਬਲਕਾਰ ਸਿੰਘ ਗੱਜੂਮਾਜਰਾ, ਹਰਜਿੰਦਰ ਸਿੰਘ ਮਿੰਟੂ ਜੜੌਮਾਜਰਾ, ਸਮੇਤ ਹੋਰ ਆਗੂ ਹਾਜ਼ਰ ਸਨ।

ਭਾਖੜਾ 'ਚੋਂ ਲਾਪਤਾ ਨੌਜਵਾਨ ਦੀ ਲਾਸ਼ ਬਰਾਮਦ

ਸਮਾਣਾ, 14 ਮਈ (ਵਿਜੇ ਕੁਮਾਰ) : ਬੀਤੇ ਦਿਨੀਂ ਪਿੰਡ ਕਰਹਾਲੀ ਸਾਹਿਬ ਤੋਂ ਲਾਪਤਾ ਹੋਏ 24 ਸਾਲਾ ਨੌਜਵਾਨ ਰਾਹੁਲ ਸ਼ਰਮਾ ਦੀ ਲਾਸ਼ ਭਾਖੜਾ ਨਹਿਰ ਵਿੱਚੋਂ ਮਿਲਣ ਤੋਂ ਬਾਅਦ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦੀ ਗਈ। ਪੋਸਟਮਾਰਟਮ ਲਈ ਹਸਪਤਾਲ ਪਹੁੰਚੇ ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਰਾਮਨਗਰ ਪੁਲਿਸ ਦੇ ਏ.ਐੱਸ.ਆਈ. ਦਰਸ਼ਨ ਸਿੰਘ ਨੇ ਦੱਸਿਆ ਕਿ ਲਾਪਤਾ ਨੌਜਵਾਨ ਦੀ ਭਾਲ ਦੌਰਾਨ ਗੋਤਾਖੋਰਾਂ ਵੱਲੋਂ ਉਸ ਦੀ ਲਾਸ਼ ਭਾਖੜਾ ਨਹਿਰ ਦੀ ਟੋਹਾਣਾ ਬ੍ਰਾਂਚ ਵਿੱਚੋਂ ਬਰਾਮਦ ਕੀਤੀ ਗਈ। ਅਧਿਕਾਰੀ ਅਨੁਸਾਰ ਮ੍ਰਿਤਕ ਰਾਹੁਲ ਦੇ ਪਿਤਾ ਪ੍ਰੇਮਚੰਦ ਵਾਸੀ ਪਿੰਡ ਕਰਹਾਲੀ ਸਾਹਿਬ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਨ੍ਹਾਂ ਦਾ ਇਕਲੌਤਾ ਪੁੱਤਰ ਮਾਮੂਲੀ ਜਿਹੀ ਗੱਲ ਤੋਂ ਗੁੱਸੇ ਹੋ ਕੇ ਬਿਨਾਂ ਦੱਸੇ ਘਰੋਂ ਚਲਾ ਗਿਆ ਸੀ। ਪੁਲਿਸ ਨੇ ਪਿਤਾ ਵੱਲੋਂ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਮ੍ਰਿਤਕ ਦੀ ਦੇਹ ਸੰਸਕਾਰ ਲਈ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਹੈ। ਮ੍ਰਿਤਕ ਨੌਜਵਾਨ ਅਣ-ਵਿਆਹਿਆ ਸੀ।

ਪੀ.ਐਮ. ਸ੍ਰੀ ਮਲਟੀਪਰਪਜ਼ ਸਕੂਲ ਵਿਖੇ ਜਸ਼ਨ ਦਾ ਮਾਹੌਲ, ਨਿਧੀ ਨੇ ਕੀਤਾ ਟਾਪ

➢ਜਾਨਵੀ ਨੇ ਬਾਇਓਲੋਜੀ 'ਚੋਂ ਲਏ 100 ਫੀਸਦੀ ਅੰਕ
➢ਪ੍ਰਿੰਸੀਪਲ ਵਿਜੇ ਕਪੂਰ ਵੱਲੋਂ ਵਿਦਿਆਰਥੀਆਂ ਨੂੰ ਵਧਾਈ

ਪਟਿਆਲਾ, 14 ਮਈ (ਰੁਪਾਣਾ/ਅਮਰਜੀਤ) : ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੰਸਥਾ ਪੀ.ਐਮ. ਸ਼੍ਰੀ ਸਰਕਾਰੀ ਕੋ-ਐਡ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੇ ਵਿਦਿਆਰਥੀਆਂ ਨੇ ਸਾਲਾਨਾ ਨਤੀਜਿਆਂ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦੇ ਹੋਏ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਹੈ। ਸਕੂਲ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਦੌਰਾਨ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਨੇ ਦੱਸਿਆ ਕਿ ?ਸਕੂਲ ਦੀ ਹੋਣਹਾਰ ਵਿਦਿਆਰਥਣ ਨਿਧੀ ਨੇ 96.63 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਇਕ ਹੋਰ ਵਿਦਿਆਰਥਣ ਜਾਨਵੀ ਸ਼ਰਮਾ ਨੇ ਬਾਇਓਲੋਜੀ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਹਾਸਲ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਹੋਰ ਵੱਖ-ਵੱਖ ਸਟਰੀਮ ਵਿੱਚ ਵੀ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ, ਜਿਨ੍ਹਾਂ ਵਿੱਚ ਵਿਦਿਆਰਥੀ ਹਰਸ਼ ਕੁਮਾਰ (ਸੁਪਰ ਮੈਡੀਕਲ) ਨੇ 95 ਫੀਸਦੀ ਅੰਕ, ਇਸਨੂਰ ਕੌਰ (ਸੁਪਰ ਮੈਡੀਕਲ) ਨੇ 94.5 ਫੀਸਦੀ ਅੰਕ, ਵਿਦਿਆਰਥੀ ਗੁਰਬੀਰ ਸਿੰਘ (ਨਾਨ-ਮੈਡੀਕਲ) ਨੇ 94 ਫੀਸਦੀ ਅੰਕ, ਵਿਦਿਆਰਥਣ ਸ਼੍ਰੇਅ (ਵੋਕੇਸ਼ਨਲ ਗਰੁੱਪ) ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸਦੇ ਨਾਲ ਹੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵਿੱਚੋਂ ਵਿਦਿਆਰਥਣ ਹਰਜਸ ਕੌਰ ਨੇ 88.4 ਫੀਸਦੀ ਅੰਕ ਹਾਸਲ ਕੀਤੇ ਹਨ। ਵਿਦਿਆਰਥੀਆਂ ਦੇ ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.) ਸੰਜੀਵ ਸ਼ਰਮਾ ਅਤੇ ਡਿਪਟੀ ਡੀ.ਈ.ਓ. ਡਾ. ਰਵਿੰਦਰ ਪਾਲ ਸ਼ਰਮਾ ਨੇ ਪ੍ਰਿੰਸੀਪਲ ਮੈਡਮ ਵਿਜੇ ਕਪੂਰ, ਸਟਾਫ ਮੈਂਬਰਜ਼, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਹੈ। ਇਸ ਮੌਕੇ ਸੀਨੀਅਰ ਲੈਕਚਰਾਰ ਸੁਖਵਿੰਦਰ ਸਿੰਘ, ਹਿਤੇਸ਼ ਵਾਲੀਆ, ਅਮਨਦੀਪ ਕੌਰ ਚਹਿਲ, ਆਪਨਪ੍ਰੀਤ ਕੌਰ, ਸ਼ਿਵਾਨੀ, ਤੇਜਿੰਦਰ ਕੌਸ਼ਿਸ਼, ਲੈਕਚਰਾਰ ਜਤਿੰਦਰ ਪਾਲ ਸਿੰਘ, ਸਵਰਨ ਲਾਲ, ਹਰਵਿੰਦਰ ਕੌਰ ਤੇ ਦਵਿੰਦਰ ਸਿੰਘ ਸਮੇਤ ਹੋਰ ਹਾਜ਼ਰ ਸਨ।

ਸੜਕ ਹਾਦਸੇ 'ਚ ਜ਼ਖਮੀ ਹੋਏ ਮੋਟਰਸਾਈਕਲ ਸਵਾਰ ਦੀ ਇਲਾਜ ਦੌਰਾਨ ਮੌਤ

ਸਮਾਣਾ, 14 ਮਈ (ਵਿਜੇ ਕੁਮਾਰ) : ਪਿਛਲੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਏ ਮੋਟਰਸਾਈਕਲ ਸਵਾਰ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਜਾਣ ਤੋਂ ਬਾਅਦ ਸਦਰ ਪੁਲਿਸ ਨੇ ਇੱਕ ਟਰੈਕਟਰ-ਟਰਾਲੀ ਚਾਲਕ (ਨਿਵਾਸੀ ਪਿੰਡ ਜੌੜਾਮਾਜਰਾ) ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਅਤੇ ਮਵੀਕਲਾਂ ਪੁਲਿਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਗੁਰਸੰਗਤ ਸਿੰਘ (ਨਿਵਾਸੀ ਪਿੰਡ ਜੌੜਾਮਾਜਰਾ) ਦੀ ਮਾਤਾ ਬਲਵਿੰਦਰ ਕੌਰ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 8 ਮਈ ਦੀ ਰਾਤ ਕਰੀਬ 9:30 ਵਜੇ ਉਸਦੇ ਦੋਵੇਂ ਪੁੱਤਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਦੇ ਨੇੜੇ ਜਾ ਰਹੇ ਸਨ। ਇਸ ਦੌਰਾਨ ਇੱਕ ਤੇਜ਼ ਰਫ਼ਤਾਰ ਟਰੈਕਟਰ-ਟਰਾਲੀ ਚਾਲਕ ਨੇ ਲਾਪਰਵਾਹੀ ਨਾਲ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਉਸ ਦੇ ਦੋਵੇਂ ਪੁੱਤਰ ਗੰਭੀਰ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਬੀਤੇ ਦਿਨ ਗੁਰਸੰਗਤ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ, ਜਦਕਿ ਉਸਦਾ ਦੂਜਾ ਭਰਾ ਲਾਭ ਹੀਰਾ ਸਿੰਘ ਅਜੇ ਵੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਪੁਲਿਸ ਅਧਿਕਾਰੀ ਅਨੁਸਾਰ, ਮੁਲਜ਼ਮ ਟਰੈਕਟਰ ਚਾਲਕ ਲਵਪ੍ਰੀਤ ਸਿੰਘ (ਨਿਵਾਸੀ ਪਿੰਡ ਜੌੜਾਮਾਜਰਾ) ਖ਼ਿਲਾਫ਼ ਕੇਸ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

ਹੈਲਿਕਸ ਆਕਸਫੋਰਡ ਸਮਾਰਟ ਸਕੂਲ ਨੇ ਦਸਵੀਂ ਤੇ ਬਾਰਵੀਂ ਬੋਰਡ ਪ੍ਰੀਖਿਆਵਾਂ 'ਚ ਜ਼ਿਲ੍ਹਾ ਪੱਧਰ 'ਤੇ ਹੈਟਰਿਕ ਬਣਾਈ

ਪਾਤੜਾਂ, 14 ਮਈ (ਹਰਮਿੰਦਰ ਕਰਤਾਰਪੁਰ): ਪਾਤੜਾਂ ਸ਼ਹਿਰ ਦੀ ਨਾਮਵਾਰ ਸਿੱਖਿਆ ਸੰਸਥਾ ਹੈਲਿਕਸ ਆਕਸਫੋਰਡ ਸਮਾਰਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਦਸਵੀਂ ਅਤੇ ਬਾਰਵੀਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰ 'ਤੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਜ਼ਿਲ੍ਹੇ ਦਾ ਇਹ ਇੱਕੋ-ਇੱਕ ਐਸਾ ਸਕੂਲ ਬਣਿਆ ਹੈ ਜਿਸ ਨੇ ਦਸਵੀਂ ਅਤੇ ਬਾਰਵੀਂ ਦੋਵਾਂ ਬੋਰਡ ਪ੍ਰੀਖਿਆਵਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਚਮਕਾਇਆ ਹੈ। ਸਕੂਲ ਦੇ ਦੋ ਵਿਦਿਆਰਥੀਆਂ ਨੇ ਦਸਵੀਂ ਕਲਾਸ ਵਿੱਚੋਂ ਦੂਜਾ ਅਤੇ ਬਾਰਵੀਂ ਦੀ ਵਿਦਿਆਰਥਣ ਚੀਤਿਕਾ ਰਾਣੀ ਨੇ (98.6%) ਅੰਕ ਹਾਸਿਲ ਕਰਕੇ ਜ਼ਿਲ੍ਹਾ ਪੱਧਰ 'ਤੇ ਹਿਊਮੈਨਿਟਿਸ 'ਚੋਂ ਪਹਿਲਾ ਤੇ ਸਾਰੀਆਂ ਸਟਰੀਮਾਂ 'ਚੋਂ ਦੂਜਾ ਸਥਾਨ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਵਿਦਿਆਰਥੀ ਸਿੱਧੀ ਗੋਇਲ ਨੇ 97% ਅੰਕ ਕਮਰਸ ਸਟਰੀਮ ,ਨਿਗਮ ਗੋਇਲ ਨੇ 96.2 ਅੰਕ ਹਿਊਮੈਨਿਟਿਸ ,ਦਿਕਸ਼ਾ ਰਾਣੀ ਨੇ ਮੈਡੀਕਲ ਸਟਰੀਮ ਵਿੱਚੋਂ 95.6% ਅੰਕਾਂ ,ਪੂਰਵ ਨੇ ਨਾਨ ਮੈਡੀਕਲ ਸਟਰੀਮ ਵਿੱਚੋਂ 95.4% ਅੰਕਾਂ ਨਾਲ ਪਾਤੜਾਂ ਹਲਕੇ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ। ਇਨਾਂ ਨਤੀਜਿਆਂ ਵਿੱਚ 9 ਵਿਦਿਆਰਥੀਆਂ ਨੇ 95% ਤੋਂ ਵੱਧ ਅੰਕ, 18 ਵਿਦਿਆਰਥੀਆਂ ਨੇ 90% ਤੋਂ ਉੱਪਰ ਅਤੇ 64 ਵਿਦਿਆਰਥੀਆਂ ਨੇ 80% ਤੋ 90% ਤੱਕ ਅਤੇ 53 ਵਿਦਿਆਰਥੀਆਂ ਨੇ 70% ਤੋਂ 80% ਅੰਕ , 29 ਵਿਦਿਆਰਥੀਆਂ ਨੇ 60% ਤੋਂ 70% ਅੰਕ ਪ੍ਰਾਪਤ ਕੀਤੇ ਹਨ। ਸਕੂਲ ਪ੍ਰਿੰਸੀਪਲ ਅਮਰਜੋਤ ਕੌਰ ਨੇ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਸਿਰਫ਼ ਬੋਰਡ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਲੈਣਾ ਨਹੀਂ, ਸਗੋਂ ਨੀਟ ,ਜੇ.ਈ.ਈ ਕਲੈਟ, ਯੂਨੀਵਰਸਿਟੀਆਂ ਤੇ ਵਧੀਆਂ ਕਾਲਜਾਂ ਵਿੱਚ ਦਾਖਲੇ ਦਵਾਉਣਾ ਹੈ।ਵਿਦਿਆਰਥੀਆਂ ਨੂੰ ਅਨੁਸ਼ਾਸਿਤ, ਆਤਮਵਿਸ਼ਵਾਸੀ ਅਤੇ ਉੱਚ ਆਦਰਸ਼ਾਂ ਵਾਲਾ ਨਾਗਰਿਕ ਬਣਾਉਣਾ ਹੈ। ਡਾਇਰੈਕਟਰ ਮੈਡਮ ਦਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉੱਚ ਪੱਧਰੀ ਨਤੀਜੇ ਇੱਥੇ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹਨ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ?ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਮੰਨਤ ਕੌਰ ਹਰੀਕਾ ਨੇ ਕਿਹਾ ਕਿ ਸ਼ਾਨਦਾਰ ਨਤੀਜਿਆਂ ਤੋਂ ਬਾਅਦ ਵਿਦਿਆਰਥੀਆਂ ਦੇ ਮਾਪਿਆਂ ਤੇ ਇਲਾਕਾ ਵਾਸੀਆਂ ਵੱਲੋਂ ਸਕੂਲ ਦੀ ਇਸ ਵਿਲੱਖਣ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਸਕੂਲ ਦੇ ਵਿਦਿਆਰਥੀਆਂ ਅਤੇ ਵਾਈਸ ਪ੍ਰਿੰਸੀਪਲ ਮੈਡਮ ਅਧਿਆਪਕ ਸਾਹਿਬਾਨ ਵੱਲੋਂ ਭੰਗੜੇ ਪਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਇਸ ਮੌਕੇ 'ਤੇ ਕੇਕ ਕਟਿੰਗ ਸੈਰਾਮਨੀ ਦੇ ਨਾਲ ਨਾਲ ਸਾਰੇ ਵਿਦਿਆਰਥੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ।

ਲਵਿਸ਼ ਮਲਹੋਤਰਾ ਨੇ ਬਾਰਵੀਂ ਦੀ ਬੋਰਡ ਪ੍ਰੀਖਿਆ 'ਚ ਮੈਰਿਟ ਵਿੱਚ ਸਥਾਨ ਹਾਸਲ ਕੀਤਾ

ਪਟਿਆਲਾ, 14 ਮਈ (ਚ.ਨ.ਸ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਘੋਸ਼ਿਤ ਕੀਤੇ ਬੋਰਡ ਪ੍ਰੀਖਿਆਂ ਦੇ ਨਤੀਜਿਆਂ ਵਿੱਚੋਂ ਮੈਰਿਟ ਸੂਚੀ ਵਿਚ ਸ਼ਾਮਿਲ ਸ.ਸ.ਸ.ਸ ਕੁਲਾਰਾਂ ਦੀਆਂ ਵਿਦਿਆਰਥਣਾ ਨਵਦੀਪ ਕੌਰ ਪੁੱਤਰੀ ਡਾ.ਅਵਤਾਰ ਸਿੰਘ ਨੇ ਪੂਰੇ ਪੰਜਾਬ ਵਿੱਚੋਂ 10ਵਾਂ ਸਥਾਨ, ਸਕੂਲ ਵਿੱਚੋਂ ਦੂਜਾ ਸਥ